Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 220 14/01/2026 www.samajweekly.com samajweekly @samajweekly samajweekly

# CM ਮਾਨ ਨੂੰ ਜਥੇਦਾਰ ਵੱਲੋਂ ਤਲਬ ਕੀਤੇ ਜਾਣ ਦਾ ਸਮਾਂ ਬਦਲਿਆ

## 15 ਜਨਵਰੀ ਨੂੰ ਸਵੇਰੇ ਦੀ ਬਜਾਏ ਸ਼ਾਮ ਸਾਢੇ 4 ਵਜੇ ਸੱਦਿਆ

**ਅੰਮ੍ਰਿਤਸਰ।** ਅਕਾਲ ਤਖ਼ਤ ਸਕੱਤਰੇਤ ਵੱਲੋਂ ਜਾਰੀ ਬਿਆਨ ਅਨੁਸਾਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ 15 ਜਨਵਰੀ ਨੂੰ ਅੰਮ੍ਰਿਤਸਰ ਸਥਿਤ ਅਕਾਲ ਤਖ਼ਤ ਵਿਖੇ ਪੇਸ਼ੀ ਦਾ ਸਮਾਂ ਬਦਲ ਦਿੱਤਾ ਗਿਆ ਹੈ। ਹੁਣ ਸੀਐਮ ਨੂੰ 15 ਜਨਵਰੀ ਨੂੰ ਸਵੇਰੇ 10 ਵਜੇ ਦੀ ਬਜਾਏ ਸ਼ਾਮ 4:30 ਵਜੇ ਪੇਸ਼ ਹੋਣਾ ਪਵੇਗਾ। ਅਕਾਲ ਤਖ਼ਤ ਨੇ ਸੀਐਮ ਮਾਨ ਦੇ ਬਿਆਨਾਂ ਅਤੇ ਵਾਇਰਲ ਵੀਡੀਓ ਲਈ ਸਪੱਸ਼ਟੀਕਰਨ ਮੰਗਿਆ ਹੈ। ਇਸ ਤੋਂ ਬਾਅਦ, ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ 15 ਜਨਵਰੀ ਨੂੰ ਅੰਮ੍ਰਿਤਸਰ ਵਿੱਚ ਇੱਕ ਪ੍ਰੋਗਰਾਮ ਹੈ, ਪਰ ਉਹ ਇਸ ਵਿੱਚ ਸ਼ਾਮਲ ਨਹੀਂ ਹੋ ਸਕਣਗੇ ਅਤੇ ਇਸ ਦੀ ਬਜਾਏ ਅਕਾਲ ਤਖ਼ਤ 'ਤੇ



ਹਾਜ਼ਰ ਹੋਣਗੇ। ਅਕਾਲ ਤਖ਼ਤ ਨੇ ਇਸ ਬਿਆਨ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਉਹ ਨੰਗੇ ਪੈਰੀਂ ਅਕਾਲ ਤਖ਼ਤ ਜਾਣਗੇ। ਉਨ੍ਹਾਂ ਨੇ ਜਥੇਦਾਰ ਨੂੰ ਗੋਲਕ ਦਾ ਹਿਸਾਬ-ਕਿਤਾਬ ਸਬੂਤਾਂ ਸਮੇਤ ਦੇਣ ਤੋਂ ਬਾਅਦ ਪੂਰੇ ਮਾਮਲੇ ਦਾ ਸਿੱਧਾ ਪ੍ਰਸਾਰਣ ਕਰਨ ਦੀ ਬੇਨਤੀ ਵੀ ਕੀਤੀ ਸੀ। ਹਾਲਾਂਕਿ, ਇਸ ਮਾਮਲੇ ਸਬੰਧੀ ਜਥੇਦਾਰ ਵੱਲੋਂ ਅਜੇ ਤੱਕ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ ਕਿਉਂਕਿ ਮੁੱਖ ਮੰਤਰੀ ਅੰਮ੍ਰਿਤਧਾਰੀ ਸਿੱਖ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਅਕਾਲ ਤਖ਼ਤ ਫਾਸੀਲ ਦੀ ਬਜਾਏ ਸਕੱਤਰੇਤ ਵਿਖੇ ਪੇਸ਼ ਹੋਣ ਲਈ ਕਿਹਾ ਗਿਆ ਹੈ।

## ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋਣ ਦਾ ਸਮਾਂ ਬਦਲਣ ਤੋਂ ਬਾਅਦ CM ਭਗਵੰਤ ਮਾਨ ਦਾ ਬਿਆਨ

ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਪੱਸ਼ਟੀਕਰਨ ਦੇਣ ਦੇ ਸਮੇਂ 'ਚ ਜਥੇਦਾਰ ਵਲੋਂ ਕੀਤੇ ਗਏ ਬਦਲਾਅ ਸੰਬੰਧੀ ਟਵੀਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਤਿਕਾਰਯੋਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਮੇਰਾ 15 ਜਨਵਰੀ ਨੂੰ ਕੋਈ ਹੋਰ ਰੁਝੇਵਾਂ ਨਹੀਂ, ਮੈਂ ਮਾਣਯੋਗ ਰਾਸ਼ਟਰਪਤੀ ਜੀ ਦੇ ਦਫ਼ਤਰ ਵਿਖੇ ਵੀ ਸੂਚਨਾ ਦੇ ਦਿੱਤੀ ਹੈ, 15 ਜਨਵਰੀ ਦਾ ਦਿਨ ਆਪ ਜੀ ਦੇ ਆਦੇਸ਼ ਮੁਤਾਬਿਕ ਪੂਰੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਟਵੀਟ ਕਰਦਿਆਂ ਲਿਖਿਆ ਕਿ, "ਸਤਿਕਾਰਯੋਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਮੇਰਾ 15 ਜਨਵਰੀ ਨੂੰ ਕੋਈ ਹੋਰ ਰੁਝੇਵਾਂ ਨਹੀਂ। ਮੈਂ ਮਾਣਯੋਗ ਰਾਸ਼ਟਰਪਤੀ ਜੀ ਦੇ ਦਫ਼ਤਰ ਵਿਖੇ ਵੀ ਸੂਚਨਾ ਦੇ ਦਿੱਤੀ ਹੈ। 15 ਜਨਵਰੀ ਦਾ ਦਿਨ ਆਪ ਜੀ ਦੇ ਆਦੇਸ਼ ਮੁਤਾਬਿਕ ਪੂਰੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਸਮਾਂ ਬਦਲਣ ਸਬੰਧੀ ਕੋਈ ਵੀ ਅਧਿਕਾਰਤ ਪੱਤਰ ਜਾਂ ਬਿਆਨ ਮੇਰੇ ਜਾਂ ਦਫ਼ਤਰ ਵੱਲੋਂ ਜਾਰੀ ਨਹੀਂ ਕੀਤਾ ਗਿਆ। ਮੈਂ 15 ਜਨਵਰੀ ਨੂੰ ਸਵੇਰੇ 10 ਵਜੇ ਨਿਮਰਤਾ ਸਹਿਤ ਹਾਜ਼ਰ ਹੋਣ ਲਈ ਤਿਆਰ ਹਾਂ ਜੀ। ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ।" ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਤਾਜ਼ਾ ਹੁਕਮ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਪੱਸ਼ਟੀਕਰਨ ਦੇਣ ਦਾ ਸਮਾਂ 15 ਜਨਵਰੀ ਨੂੰ ਸਵੇਰੇ 10 ਵਜੇ ਤੋਂ ਬਦਲ ਕੇ ਸੰਧਿਆ ਵੇਲੇ 04:30 ਵਜੇ ਦਾ ਕਰ ਦਿੱਤਾ ਗਿਆ ਹੈ।

# ਸਿੱਖ ਨਾਬਾਲਿਗ ਕੁੜੀ ਨਾਲ ਸਮੂਹਿਕ ਜਬਰ-ਜਨਾਹ ਦੇ ਦੋਸ਼, ਸਿੱਖਾਂ ਵੱਲੋਂ ਫਲੈਟ ਨੂੰ ਘੇਰ ਕੇ ਕੁੜੀ ਨੂੰ ਛੁਡਾਇਆ, ਪੁਲਿਸ ਦੀ ਭੂਮਿਕਾ 'ਤੇ ਉੱਠੇ ਸਵਾਲ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਇੰਗਲੈਂਡ ਦੇ ਪੱਛਮੀ ਲੰਡਨ 'ਚ ਪੈਂਦੇ ਹਾਂਸਲੋ ਇਲਾਕੇ ਤੋਂ ਇਕ ਗੰਭੀਰ ਅਤੇ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਕਰੀਬ 15 ਸਾਲਾ ਸਿੱਖ ਨਾਬ-ਾਲਿਗ ਕੁੜੀ ਨੂੰ ਇਕ ਫਲੈਟ 'ਚ ਬੰਧਕ ਬਣਾ ਕੇ ਨਸ਼ਾ ਆਦਿ ਦੇ ਕੇ ਉਸ ਨਾਲ ਕਈ ਲੋਕਾਂ ਵੱਲੋਂ ਸਮੂਹਿਕ ਜਬਰ-ਜਨਾਹ ਕਰਨ ਦੇ ਦੋਸ਼ ਲਗਾਏ ਗਏ ਹਨ। ਦੋਸ਼ ਹੈ ਕਿ ਇਹ ਵਾਰਦਾਤ ਪਾਕਿਸਤਾਨੀ ਗਰੂਮਿੰਗ ਗੈਂਗ ਵੱਲੋਂ ਅੰਜਾਮ ਦਿੱਤੀ ਗਈ, ਜੋ ਨਾਬਾਲਿਗ ਕੁੜੀਆਂ ਨੂੰ ਲਾਲਚ ਦੇ ਕੇ ਆਪਣੇ ਜਾਲ 'ਚ ਫਸਾਉਂਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖ ਫੈਡਰੇਸ਼ਨ ਯੂ ਕੇ ਦੇ ਮੁੱਖ ਸਲਾਹਕਾਰ ਜੱਸ ਸਿੰਘ ਡਰਬੀ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਪਹਿਲਾਂ ਹੀ ਪੁਲਿਸ ਨੂੰ ਸ਼ਿਕਾਇਤ ਕੀਤੀ ਗਈ ਸੀ, ਪਰ ਪੁਲਿਸ ਵੱਲੋਂ ਸਮੇਂ ਸਿਰ ਕੋਈ ਠੋਸ ਕਾਰਵਾਈ ਨਾ ਕਰਨ ਕਾਰਨ ਸਿੱਖ ਭਾਈਚਾਰੇ 'ਚ ਭਾਰੀ ਰੋਸ ਫੈਲ ਗਿਆ। ਉਨ੍ਹਾਂ ਕਿਹਾ ਕਿ ਪੁਲਿਸ ਦੀ ਢਿੱਲੀ ਕਾਰਵਾਈ ਕਾਰਨ ਦੋਸ਼ੀਆਂ ਦੇ ਹੌਸਲੇ ਬੁਲੰਦ ਰਹੇ ਅਤੇ ਪੀੜਤ ਕੁੜੀ ਨੂੰ ਲੰਮੇ ਸਮੇਂ ਤੱਕ ਕੈਦ ਰੱਖਿਆ ਗਿਆ। ਪੁਲਿਸ ਵੱਲੋਂ ਕਾਰਵਾਈ ਨਾ ਹੋਣ 'ਤੇ ਗੁੱਸੇ ਵਿਚ ਆਏ ਸਿੱਖ ਭਾਈਚਾਰੇ ਦੇ 200 ਤੋਂ ਵੱਧ ਲੋਕਾਂ ਨੇ ਬੀਤੇ ਐਤਵਾਰ ਸ਼ਾਮ ਕਰੀਬ 9 ਵਜੇ ਤੋਂ ਦੇਰ ਰਾਤ 1 ਵਜੇ ਤੱਕ ਭਾਰੀ ਮੀਂਹ ਦੇ ਬਾਵਜੂਦ ਉਸ ਫਲੈਟ ਦਾ ਘੇਰਾਅ ਕੀਤਾ, ਜਿੱਥੇ ਕੁੜੀ ਨੂੰ ਕੈਦ ਕਰਕੇ ਰੱਖਿਆ ਗਿਆ ਸੀ। ਤਣਾਅਪੂਰਨ ਹਾਲਾਤਾਂ ਅਤੇ ਪੁਲਿਸ ਦੀ ਮੌਜੂਦਗੀ ਦੇ ਬਾਵਜੂਦ, ਸਿੱਖਾਂ ਦੇ ਦਬਾਅ ਮਗਰੋਂ ਆਖ਼ਿਰਕਾਰ ਕੁੜੀ ਨੂੰ ਦਰਿੰਦਿਆਂ ਦੇ



ਚੰਗੁਲ ਤੋਂ ਛੁਡਵਾ ਕੇ ਉਸ ਦੇ ਮਾਪਿਆਂ ਦੇ ਹਵਾਲੇ ਕਰ ਦਿੱਤਾ ਗਿਆ।

ਰਿਹਾਈ ਮਗਰੋਂ ਪੀੜਤ ਕੁੜੀ ਨੇ ਦੱਸਿਆ ਕਿ ਜਦੋਂ ਵੀ ਉਸ ਨੇ ਉੱਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਡਰਾਇਆ-ਧਮਕਾਇਆ ਜਾਂਦਾ ਸੀ ਅਤੇ ਵਿਰੋਧ ਕਰਨ 'ਤੇ ਕਮਰੇ 'ਚ ਬੰਦ ਕਰ ਦਿੱਤਾ ਜਾਂਦਾ ਸੀ। ਸਥਾਨਕ ਲੋਕਾਂ ਅਤੇ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਇਹ ਗਰੂਮਿੰਗ ਗੈਂਗ ਨਾਬਾਲਿਗ ਕੁੜੀਆਂ ਨੂੰ ਪਿਆਰ, ਦੋਸਤੀ ਅਤੇ ਮਹਿੰਗੇ ਤੋਹਫ਼ਿਆਂ ਦਾ ਝਾਂਸਾ ਦੇ ਕੇ ਫਸਾਉਂਦੇ ਹਨ ਅਤੇ ਬਾਅਦ 'ਚ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਬਣਾਉਂਦੇ ਹਨ।

ਇਸ ਘਟਨਾ ਤੋਂ ਬਾਅਦ ਬ੍ਰਿਟਿਸ਼ ਪੁਲਿਸ ਅਤੇ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਸਿੱਖ ਭਾਈਚਾਰੇ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਨਾਬਾਲਿਗ ਬੱਚੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

# ਇਰਾਨ ਉਤੇ ਟਰੰਪ ਦੀ 25 ਫੀਸਦੀ ਡਿਊਟੀ ਯੋਜਨਾ ਦਾ ਭਾਰਤ ’ਤੇ ਅਸਰ ਪੈਣ ਦੀ ਸੰਭਾਵਨਾ ਨਹੀਂ: ਐਫ.ਆਈ.ਈ.ਓ.

**ਨਵੀਂ ਦਿੱਲੀ।** ਨਿਰਯਾਤਕਾਂ ਦੀ ਸਿਖਰਲੀ ਸੰਸਥਾ ਭਾਰਤੀ ਨਿਰਯਾਤਕ ਸੰਗਠਨ ਫ਼ੈਡਰੇਸ਼ਨ (ਐਫ਼.ਆਈ.ਈ.ਓ.) ਨੇ ਕਿਹਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਇਰਾਨ ਨਾਲ ਕਾਰੋਬਾਰ ਕਰਨ ਵਾਲੇ ਦੇਸ਼ਾਂ ਉਤੇ 25 ਫ਼ੀ ਸਦੀ ਡਿਊਟੀ ਲਗਾਉਣ ਦੇ ਐਲਾਨ ਦਾ ਭਾਰਤ ਉਤੇ ਕੋਈ ਅਸਰ ਨਹੀਂ ਪਵੇਗਾ। ਭਾਰਤ ਤੋਂ ਇਲਾਵਾ ਚੀਨ ਅਤੇ ਸੰਯੁਕਤ ਅਰਬ ਅਮੀਰਾਤ ਤਹਿਰਾਨ ਦੇ ਪ੍ਰਮੁੱਖ ਵਪਾਰਕ ਭਾਈਵਾਲ ਹਨ। ਐਫ਼.ਆਈ.ਈ.ਓ. ਨੇ ਕਿਹਾ ਕਿ ਭਾਰਤੀ ਕੰਪਨੀਆਂ ਅਤੇ ਬੈਂਕ ਇਰਾਨ ਉਤੇ ਓ.ਐਫ਼.ਏ.ਸੀ. (ਵਿਦੇਸ਼ੀ ਸੰਪਤੀ ਕੰਟਰੋਲ ਦਫ਼ਤਰ) ਦੀਆਂ ਪਾਬੰਦੀਆਂ ਦੀ ਪੂਰੀ ਤਰ੍ਹਾਂ ਪਾਲਣਾ ਕਰ ਰਹੇ ਹਨ। ਐਫ਼.ਆਈ.ਈ.ਓ. ਦੇ ਡਾਇਰੈਕਟਰ ਜਨਰਲ ਅਜੇ ਸਹਾਏ ਨੇ ਕਿਹਾ ਕਿ ਇਸ ਲਈ ਭਾਰਤ ਉਤੇ ਕਿਸੇ ਮਾੜੇ ਅਸਰ ਦਾ ਅਨੁਮਾਨ ਲਗਾਉਣ ਦਾ ਕੋਈ ਅਧਾਰ ਨਹੀਂ ਹੈ। ਸਾਲ 2024-25 (ਅਪ੍ਰੈਲ-ਮਾਰਚ) ’ਚ ਇਰਾਨ ਨਾਲ ਭਾਰਤ ਦਾ ਕੁਲ ਵਪਾਰ 1.68 ਅਰਬ ਡਾਲਰ ਸੀ, ਜਿਸ ’ਚ ਮੁੱਖ ਤੌਰ ਉਤੇ ਖੇਤੀ ਖੇਤਰ ਤੋਂ 1.24 ਅਰਬ ਡਾਲਰ ਦਾ ਨਿਰਯਾਤ ਸ਼ਾਮਲ ਹੈ। ਇਰਾਨ ਨੂੰ ਭਾਰਤ ਦੇ ਸੱਭ ਤੋਂ ਵੱਧ ਨਿਰਯਾਤ ਕੀਤੇ ਜਾਣ ਵਾਲੇ ਉਤਪਾਦਾਂ ਵਿਚ ਅਨਾਜ, ਪਸ਼ੂਆਂ ਦਾ ਚਾਰਾ, ਚਾਹ ਅਤੇ ਕੌਫ਼ੀ, ਮਸਾਲੇ, ਫਲ ਅਤੇ ਸਬਜ਼ੀਆਂ ਅਤੇ ਦਵਾਈਆਂ ਸ਼ਾਮਲ ਸਨ। ਫ਼ੈਡਰੇਸ਼ਨ ਨੇ ਕਿਹਾ, ‘‘ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਇਰਾਨ ਨਾਲ




ਭਾਰਤ ਦਾ ਵਪਾਰ ਅਮਰੀਕਾ ਵਲੋਂ ਲਗਾਈਆਂ ਗਈਆਂ ਪਾਬੰਦੀਆਂ ਤੋਂ ਬਾਹਰ ਹੈ, ਇਨ੍ਹਾਂ ’ਚੋਂ ਜ਼ਿਆਦਾਤਰ ਉਤਪਾਦਾਂ ਦੇ ਮਾਨਵਤਾਵਾਦੀ ਸੁਭਾਅ ਦੇ ਮੱਦੇਨਜ਼ਰ। ਇਸ ਲਈ ਐਫ਼.ਆਈ.ਈ.ਓ. ਦਾ ਮੰਨਣਾ ਹੈ ਕਿ ਇਰਾਨ ਨਾਲ ਕਾਰੋਬਾਰ ਕਰਨ ਵਾਲੇ ਕਿਸੇ ਵੀ ਦੇਸ਼ ਉਤੇ ਅਮਰੀਕਾ ਵਲੋਂ ਲਗਾਏ ਗਏ ਵਾਧੂ 25 ਫ਼ੀ ਸਦੀ ਟੈਰਿਫ ਦਾ ਪ੍ਰਭਾਵ ਭਾਰਤ ਉਤੇ ਲਗਭਗ ਕੋਈ ਪ੍ਰਭਾਵ ਨਹੀਂ ਪਵੇਗਾ।’’

# ਬਲਿੰਕਿਟ ਨੇ ਹਟਾਇਆ '10-ਮਿੰਟ ਦੀ ਡਿਲੀਵਰੀ' ਦਾ ਦਾਅਵਾ





**ਨਵੀਂ ਦਿੱਲੀ।** ਬਲਿੰਕਿਟ ਵੱਲੋਂ ਆਪਣੇ ਸਾਰੇ ਬ੍ਰਾਂਡ ਪਲੇਟਫਾਰਮਾਂ ਅਤੇ ਇਸ਼ਤਿਹਾਰਾਂ ਤੋਂ ‘10-ਮਿੰਟ ਡਿਲੀਵਰੀ’ ਦਾ ਦਾਅਵਾ ਹਟਾ ਦਿੱਤਾ ਗਿਆ ਹੈ। ਕੇਂਦਰੀ ਕਿਰਤ ਮੰਤਰੀ ਮਨਸੁਖ ਮਾਂਡਵੀਆ ਦੇ ਦਖਲ ਅਤੇ ਡਿਲੀਵਰੀ ਭਾਈਵਾਲਾਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਤੋਂ ਬਾਅਦ ਕੰਪਨੀ ਨੇ ਇਹ ਕਦਮ ਚੁੱਕਿਆ ਹੈ। ਸਰਕਾਰ ਨਾਲ ਇੱਕ ਮੀਟਿੰਗ ਵਿੱਚ ਸਵਿਗੀ ਅਤੇ ਜ਼ੋਮੈਟੋ ਨੇ ਇਹ ਵੀ ਭਰੋਸਾ ਦਿੱਤਾ ਕਿ ਉਹ ਹੁਣ ਗਾਹਕਾਂ ਨੂੰ ਸਮਾਂ ਸੀਮਾ ਦੇ ਵਾਅਦੇ ਵਾਲਾ ਇਸ਼ਤਿਹਾਰ ਨਹੀਂ ਦੇਣਗੇ।

ਕੇਂਦਰੀ ਮੰਤਰੀ ਮਨਸੁਖ ਮਾਂਡਵੀਆ ਨੇ ਹਾਲ ਹੀ ਵਿੱਚ ਬਲਿੰਕਿਟ, ਜ਼ੇਪਟੋ, ਸਵਿਗੀ ਅਤੇ ਜ਼ੋਮੈਟੋ ਦੇ ਉੱਚ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਵਿੱਚ ਡਿਲੀਵਰੀ ਭਾਈਵਾਲਾਂ ਦੀ ਸੁਰੱਖਿਆ ਅਤੇ ਉਨ੍ਹਾਂ ਨੂੰ ਦਰਪੇਸ਼ ਮਾਨਸਿਕ ਤਣਾਅ ਬਾਰੇ ਚਰਚਾ ਕੀਤੀ ਗਈ।

# ਸੂਬਿਆਂ ਨੂੰ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਲਈ ਮੁਆਵਜ਼ਾ ਕਾਫ਼ੀ ਵਧਾਉਣ ਲਈ ਕਹਾਂਗੇ : ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਸੂਬਿਆਂ ਨੂੰ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਲਈ ਭਾਰੀ ਮੁਆਵਜ਼ਾ ਦੇਣ ਲਈ ਕਹੇਗੀ। ਅਦਾਲਤ ਨੇ ਪਿਛਲੇ ਪੰਜ ਸਾਲਾਂ ਤੋਂ ਅਵਾਰਾ ਪਸ਼ੂਆਂ ਬਾਰੇ ਨਿਯਮਾਂ ਨੂੰ ਲਾਗੂ ਨਾ ਕਰਨ ਉਤੇ ਚਿੰਤਾ ਜ਼ਾਹਰ ਕੀਤੀ ਹੈ। ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐਨਵੀ ਅੰਜਾਰੀਆ ਦੀ ਬੈਂਚ ਨੇ ਕਿਹਾ ਕਿ ਕੁੱਤੇ ਦੇ ਕੱਟਣ ਦੀਆਂ ਘਟਨਾਵਾਂ ਲਈ ਕੁੱਤਾ ਪ੍ਰੇਮੀਆਂ ਅਤੇ ਉਨ੍ਹਾਂ ਨੂੰ ਭੋਜਨ ਪਾਉਣ ਵਾਲਿਆਂ ਨੂੰ ਵੀ ਜ਼ਿੰਮੇਵਾਰ ਅਤੇ ਜਵਾਬਦੇਹ ਠਹਿਰਾਇਆ ਜਾਵੇਗਾ। ਜਸਟਿਸ ਨਾਥ ਨੇ ਕਿਹਾ, ‘‘ਕੁੱਤਿਆਂ ਦੇ ਕੱਟਣ ਨਾਲ ਬੱਚਿਆਂ ਜਾਂ ਬਜ਼ੁਰਗਾਂ ਦੀ ਮੌਤ ਜਾਂ ਸੱਟ ਲੱਗਣ ਲਈ ਅਸੀਂ ਸੂਬਾ ਸਰਕਾਰਾਂ ਨੂੰ ਭਾਰੀ ਮੁਆਵਜ਼ਾ ਦੇਣ ਲਈ ਕਹਿਣ ਜਾ ਰਹੇ ਹਾਂ, ਕਿਉਂਕਿ ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ’ਚ ਨਿਯਮਾਂ ਨੂੰ ਲਾਗੂ ਕਰਨ ਲਈ ਕੁੱਝ ਨਹੀਂ ਕੀਤਾ। ਨਾਲ ਹੀ, ਉਨ੍ਹਾਂ ਲੋਕਾਂ ਉਤੇ ਜ਼ਿੰਮੇਵਾਰੀ ਅਤੇ ਜਵਾਬਦੇਹੀ ਤੈਅ ਕੀਤੀ ਜਾਵੇਗੀ ਜੋ ਇਨ੍ਹਾਂ ਅਵਾਰਾ ਕੁੱਤਿਆਂ ਨੂੰ ਖੁਆ ਰਹੇ ਹਨ। ਜੇ ਤੁਸੀਂ ਇਨ੍ਹਾਂ ਜਾਨਵਰਾਂ ਨੂੰ ਇੰਨਾ ਪਿਆਰ ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਅਪਣੇ ਘਰ ਕਿਉਂ ਨਹੀਂ ਲੈ ਜਾਂਦੇ। ਇਹ ਕੁੱਤੇ ਇੱਧਰ-ਉੱਧਰ ਘੁੰਮਦੇ, ਕੱਟਦੇ ਅਤੇ ਲੋਕਾਂ ਨੂੰ ਡਰਾਉਂਦੇ ਕਿਉਂ



ਰਹਿਣ?’’ ਜਸਟਿਸ ਮਹਿਤਾ ਨੇ ਜਸਟਿਸ ਨਾਥ ਦੇ ਵਿਚਾਰਾਂ ਨਾਲ ਸਹਿਮਤੀ ਜਤਾਈ ਅਤੇ ਕਿਹਾ, ‘‘ਜਦੋਂ ਕੁੱਤੇ 9 ਸਾਲ ਦੇ ਬੱਚੇ ਉਤੇ ਹਮਲਾ ਕਰਦੇ ਹਨ ਤਾਂ ਕਿਸ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ? ਉਹ ਸੰਗਠਨ ਜੋ ਉਨ੍ਹਾਂ ਨੂੰ ਖੁਆ ਰਿਹਾ ਹੈ? ਤੁਸੀਂ ਚਾਹੁੰਦੇ ਹੋ ਕਿ ਅਸੀਂ ਸਮੱਸਿਆ ਪ੍ਰਤੀ ਅਪਣੀਆਂ ਅੱਖਾਂ ਬੰਦ ਕਰ ਲਈਏ।’’ ਸੁਪਰੀਮ ਕੋਰਟ ਕਈ ਪਟੀਸ਼ਨਾਂ ਉਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ 7 ਨਵੰਬਰ, 2025 ਦੇ ਅਪਣੇ ਹੁਕਮ ਵਿਚ ਸੋਧ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਵਿਚ ਅਧਿਕਾਰੀਆਂ ਨੂੰ ਇਨ੍ਹਾਂ ਅਵਾਰਾ ਜਾਨਵਰਾਂ ਨੂੰ ਸੰਸਥਾਗਤ ਖੇਤਰਾਂ ਅਤੇ ਸੜਕਾਂ ਤੋਂ ਹਟਾਉਣ ਦਾ ਹੁਕਮ ਦਿਤਾ ਗਿਆ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਸੱਭ ਤੋਂ ਬੁਰੀ ਗੱਲ ਇਹ ਹੈ ਕਿ ਗੁਜਰਾਤ ਦੇ ਇਕ ਵਕੀਲ ਨੂੰ ਇਕ ਪਾਰਕ ਵਿਚ ਕੱਟਿਆ ਗਿਆ ਅਤੇ ਜਦੋਂ ਨਾਗਰਿਕ ਅਧਿਕਾਰੀ ਉਸ ਜਾਨਵਰ ਨੂੰ ਫੜਨ ਗਏ ਤਾਂ ਵਕੀਲਾਂ ਨੇ ਨਾਗਰਿਕ ਅਧਿਕਾਰੀਆਂ ਉਤੇ ਹਮਲਾ ਕਰ ਦਿਤਾ। ਸੁਪਰੀਮ ਕੋਰਟ ਨੇ ਇਸ ਗੱਲ ਉਤੇ ਵੀ ਅਫਸੋਸ ਪ੍ਰਗਟਾਇਆ ਕਿ ਉਹ ਚਾਰ ਦਿਨਾਂ ਤੋਂ ਇਸ ਮੁੱਦੇ ਉਤੇ ਦਲੀਲਾਂ ਸੁਣ ਰਹੀ ਹੈ ਅਤੇ ਕਾਰਕੁਨਾਂ ਅਤੇ ਗੈਰ-ਸਰਕਾਰੀ ਸੰਗਠਨਾਂ ਵਲੋਂ ਇਸ ਮਾਮਲੇ ’ਚ ਅੱਗੇ ਵਧਣ ਦੀ ਇਜਾਜ਼ਤ ਨਹੀਂ ਦਿਤੀ ਗਈ ਅਤੇ ਅਦਾਲਤ ਕੇਂਦਰ ਅਤੇ ਸੂਬਿਆਂ ਦੇ ਵਿਚਾਰ ਨਹੀਂ ਸੁਣ ਸਕੀ। ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਕਿਹਾ, ‘‘ਸਾਰੇ ਵਕੀਲਾਂ ਨੂੰ ਸਾਡੀ ਬੇਨਤੀ ਹੈ ਕਿ ਸਾਨੂੰ ਯੂਨੀਅਨ, ਰਾਜ ਦੇ ਅਧਿਕਾਰੀਆਂ ਅਤੇ ਹੋਰ ਸੰਸਥਾਵਾਂ ਉਤੇ ਕਾਰਵਾਈ ਕਰਨ ਦੀ ਇਜਾਜ਼ਤ ਦਿਤੀ ਜਾਵੇ। ਸਾਨੂੰ ਇਕ ਆਰਡਰ ਪਾਸ ਕਰਨ ਦੀ ਇਜਾਜ਼ਤ ਦਿਉ। ਸਾਨੂੰ ਅੱਧਾ ਦਿਨ ਸੂਬਿਆਂ ਅਤੇ ਕੇਂਦਰ ਨਾਲ ਬਿਤਾਉਣ ਦੀ ਜ਼ਰੂਰਤ ਹੈ। ਇਹ ਵੇਖਣ ਲਈ ਕਿ ਉਨ੍ਹਾਂ ਕੋਲ ਕਾਰਵਾਈ ਦੀ ਯੋਜਨਾ ਹੈ ਜਾਂ ਨਹੀਂ। ਸਮੱਸਿਆ ਹਜ਼ਾਰ ਗੁਣਾ ਵਧ ਗਈ ਹੈ। ਅਸੀਂ ਸਿਰਫ ਕਾਨੂੰਨੀ ਵਿਵਸਥਾ ਨੂੰ ਲਾਗੂ ਕਰਨਾ ਚਾਹੁੰਦੇ ਹਾਂ। ਸਾਨੂੰ ਅਜਿਹਾ ਕਰਨ ਦੀ ਇਜਾਜ਼ਤ ਦਿਉ। ਸਾਨੂੰ ਕੰਮ ਕਰਨ ਦੀ ਇਜਾਜ਼ਤ ਦਿਉ। ਕਿ ਸਾਨੂੰ ਅੱਗੇ ਵਧਣ ਦੀ ਇਜਾਜ਼ਤ ਦਿਓ।’’

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਸਰਕਾਰ ਗੈਂਗਸਟਰਾਂ ਨੂੰ ਨੱਥ ਪਾਉਣ ’ਚ ਪੂਰੀ ਤਰ੍ਹਾਂ ਨਾਕਾਮ: ਚੰਨੀ

**ਧਰਮਕੋਟ।** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਸੂਬਾ ਸਰਕਾਰ ਉੱਤੇ ਗੈਂਗਸਟਰਾਂ ਨੂੰ ਕਾਬੂ ਕਰਨ ਵਿੱਚ ਨਾਕਾਮ ਰਹਿਣ ਦੇ ਦੋਸ਼ ਲਗਾਉਂਦੇ ਹੋਏ ਸਰਕਾਰ ਦੀ ਕਾਰਜਸ਼ੈਲੀ ਉੱਤੇ ਉਂਗਲ ਉਠਾਈ ਹੈ। ਇੱਥੇ ਨਜ਼ਦੀਕੀ ਪਿੰਡ ਭਿੰਡਰ ਖੁਰਦ ਵਿੱਚ ਲੰਘੇ ਦਿਨੀਂ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਕਾਂਗਰਸ ਦੇ ਸਰਗਰਮ ਵਰਕਰ ਉਮਰਸੀਰ ਸਿੰਘ ਸ਼ੀਰਾ ਦੇ ਭੋਗ ਸਮਾਗਮ ਵਿੱਚ ਸ਼ਾਮਲ ਹੋਣ ਆਏ ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਇਨਕਲਾਬ ਦਾ ਨਾਅਰਾ ਲਗਾ ਕੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਅੱਜ ਕੋਈ ਵੀ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਵੋਟ ਦੀ ਰਾਜਨੀਤੀ ਨੂੰ ਛੱਡ ਹੁਣ ਸੱਤਾਧਾਰੀ ਪਾਰਟੀ ਦੇ ਲੋਕ ਕਤਲੇਆਮ ਦੀ ਰਾਜਨੀਤੀ ਵੱਲ ਵੱਧ ਰਹੇ ਹਨ। ਸਾਬਕਾ ਮੁੱਖ ਮੰਤਰੀ ਨੇ ਦੋਸ਼ ਲਗਾਇਆ ਕਿ ਪੁਲੀਸ ਇਨ੍ਹਾਂ ਆਗੂਆਂ ਦੀ ਕੱਠਪੁਤਲੀ ਬਣ ਕੇ ਇਨ੍ਹਾਂ ਲੋਕਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ।



ਉਨ੍ਹਾਂ ਕਿਹਾ ਕਿ ਇਸ ਨੌਜਵਾਨ ਦਾ ਕਤਲ ਸਿਆਸੀ ਰੰਜਿਸ਼ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਇਹ ਦਲਿਤ ਪਰਿਵਾਰ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਹੋਇਆ ਹੈ। ਕਤਲ ਕੀਤੇ ਨੌਜਵਾਨ ਦੀ ਰਿਸ਼ਤੇਦਾਰੀ ਵਿੱਚੋਂ ਭਰਜਾਈ ਕਾਂਗਰਸ ਦੀ ਟਿਕਟ ਉੱਤੇ ਲੰਘੀਆਂ ਪੰਚਾਇਤ ਸਮਿਤੀ ਚੋਣਾਂ ਵਿੱਚ ਜੇਤੂ ਰਹੀ ਸੀ ਪਰ ‘ਆਪ’ ਨੂੰ ਇਹ ਗੱਲ ਹਜ਼ਮ ਨਾ ਹੋਈ ਅਤੇ ਉਹ ਪਰਿਵਾਰ ਦੇ ਜਾਨੀ ਦੁਸ਼ਮਣ ਬਣ ਬੈਠੇ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਬਠਿੰਡਾ ਦੇ ਮੌੜ ਕਲਾਂ 'ਚ ਗੁਰੂ ਰਵਿਦਾਸ ਜੀ ਮੂਰਤੀ ਦੀ ਹੋਈ ਬੇਅਦਬੀ

## ਸ਼ਰਾਰਤੀ ਅਨਸਰ ਨੇ ਮੂਰਤੀ ਦੀ ਕੀਤੀ ਭੰਨਤੋੜ, ਮੁਲਜ਼ਮ ਗ੍ਰਿਫ਼ਤਾਰ




**ਮੌੜ ਕਲਾਂ ।** ਬਠਿੰਡਾ ਦੇ ਮੌੜ ਕਲਾਂ ਵਿਖੇ ਗੁਰੂ ਰਵਿਦਾਸ ਜੀ ਦੇ ਮੰਦਰ ਵਿੱਚ ਰਾਤ ਸਮੇਂ ਸ਼ਰਾਰਤੀ ਅਨਸਰਾਂ ਵੱਲੋਂ ਰਵਿਦਾਸ ਜੀ ਦੀ ਮੂਰਤੀ ਦੀ ਭੰਨ ਤੋੜ ਕੀਤੀ ਗਈ। ਇਸ ਘਟਨਾ ਤੋਂ ਬਾਅਦ ਰਵਿਦਾਸ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ। ਭਗਤ ਰਵਿਦਾਸ ਧਰਮਸ਼ਾਲਾ ਕਮੇਟੀ ਦੇ ਬਿਆਨ 'ਤੇ ਥਾਣਾ ਮੌੜ ਵਿਖੇ ਮਾਮਲਾ ਦਰਜ ਕੀਤਾ ਗਿਆ। ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ. ਕੁਲਦੀਪ ਸਿੰਘ ਬਰਾੜ ਨੇ ਕਿਹਾ ਹੈ ਕਿ ਸਾਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਕਿਸੇ ਵਿਅਕਤੀ ਵੱਲੋਂ ਭਗਤ ਰਵਿਦਾਸ ਮੰਦਿਰ ਵਿੱਚ ਤੋੜ ਭੰਨ ਕੀਤੀ ਗਈ ਹੈ। ਜਾਂਚ ਪੜਤਾਲ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਕਿ ਚੋਰੀ ਦੇ ਬਹਾਨੇ ਮੰਦਿਰ ਅੰਦਰ ਦਾਖਲ ਹੋਇਆ ਸੀ। ਮੰਦਿਰ 'ਚ ਹਨ੍ਹੇਰਾ ਹੋਣ ਕਾਰਨ ਉਸ ਨੂੰ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ । ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਅਤੇ ਪੁਲਿਸ ਵੱਲੋਂ ਮਾਮਲੇ ਗੰਭੀਰਤਾ ਨਾਲ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

# ਫਾਜ਼ਿਲਕਾ ਵਿੱਚ ਹੋਵੇਗਾ ਪੰਜਾਬ ਦਾ ਰਾਜ ਪੱਧਰੀ ਗਣਤੰਤਰ ਦਿਵਸ ਸਮਾਰੋਹ

**ਫਾਜ਼ਿਲਕਾ।** ਇਸ ਸਾਲ ਸੀਮਾਵਰਤੀ ਜ਼ਿਲ੍ਹਾ ਫਾਜ਼ਿਲਕਾ ਪੰਜਾਬ ਦੇ ਗਣਤੰਤਰ ਦਿਵਸ ਦਾ ਸਭ ਤੋਂ ਵੱਡਾ ਕੇਂਦਰ ਬਣਨ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 77ਵੇਂ ਗਣਤੰਤਰ ਦਿਵਸ ਦਾ ਰਾਜ ਪੱਧਰੀ ਸਮਾਰੋਹ ਪਟਿਆਲਾ ਦੀ ਬਜਾਏ ਫਾਜ਼ਿਲਕਾ ਵਿੱਚ ਕਰਵਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਪੂਰੇ ਜ਼ਿਲ੍ਹੇ ਵਿੱਚ ਉਤਸ਼ਾਹ ਅਤੇ ਤਿਆਰੀਆਂ ਦਾ ਮਾਹੌਲ ਬਣ ਗਿਆ ਹੈ।
ਰਾਜਪਾਲ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਤਿਰੰਗਾ ਝੰਡਾ ਲਹਿਰਾਉਣਗੇ। ਪ੍ਰਸ਼ਾਸਨ ਸੁਰੱਖਿਆ ਪ੍ਰਬੰਧ, ਪਰੇਡ ਅਤੇ ਝਾਂਕੀਆਂ ਦੀਆਂ ਤਿਆਰੀਆਂ ਨੂੰ ਲੈ ਕੇ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਹੈ। ਰਾਜ ਪੱਧਰੀ ਸਮਾਰੋਹ ਦੀ ਘੋਸ਼ਣਾ ਨਾਲ ਹੀ ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਨੇ ਜੰਗੀ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੀਮਾਵਰਤੀ ਜ਼ਿਲ੍ਹਾ ਹੋਣ ਕਾਰਨ ਫਾਜ਼ਿਲਕਾ ਅਕਸਰ ਵੱਡੇ ਰਾਜ ਪੱਧਰੀ ਸਮਾਰੋਹਾਂ ਤੋਂ ਵੰਝਿਆ ਰਹਿੰਦਾ ਸੀ, ਇਸ ਲਈ ਇਸ ਆਯੋਜਨ ਨੂੰ ਜ਼ਿਲ੍ਹੇ ਲਈ ਇੱਕ ਵੱਡੀ ਪਹਿਚਾਣ ਅਤੇ ਮਹੱਤਵਪੂਰਨ ਮੌਕੇ ਵਜੋਂ



ਦੇਖਿਆ ਜਾ ਰਿਹਾ ਹੈ।

### ਬਾਰਡਰ ਏਰੀਆ ਲਈ 'ਮਾਣ ਦੀ ਗੱਲ': ਕਰਨ ਗਿਲਹੋਤਰਾ

ਪ੍ਰਸਿੱਧ ਸਮਾਜਸੇਵੀ ਕਰਨ ਗਿਲਹੋਤਰਾ ਨੇ ਰਾਜ ਪੱਧਰੀ ਗਣਤੰਤਰ ਦਿਵਸ ਸਮਾਰੋਹ ਨੂੰ ਫਾਜ਼ਿਲਕਾ ਵਿੱਚ ਕਰਵਾਉਣ ਦੇ ਫੈਸਲੇ ਨੂੰ ਇਤਿਹਾਸਕ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੀਮਾਵਰਤੀ ਖੇਤਰਾਂ ਵਿੱਚ ਰਹਿੰਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਹੈ।
ਗਿਲਹੋਤਰਾ ਨੇ ਕਿਹਾ ਕਿ ਫਾਜ਼ਿਲਕਾ ਦੇ ਲੋਕ ਸਾਲਾਂ ਤੋਂ ਦੇਸ਼ ਦੀ ਸੁਰੱਖਿਆ, ਸ਼ਾਂਤੀ ਅਤੇ ਸਰਹੱਦ ਦੀ ਨਿਗਰਾਨੀ ਵਿੱਚ ਅਹੰਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਅਜਿਹੇ ਵਿੱਚ ਇੱਥੇ ਗਣਤੰਤਰ ਦਿਵਸ ਵਰਗਾ ਵੱਡਾ ਸਮਾਰੋਹ ਕਰਵਾਉਣਾ ਪੂਰੇ ਖੇਤਰ ਦੇ ਹੌਸਲੇ ਨੂੰ ਮਜ਼ਬੂਤ ਕਰਨ ਵਾਲਾ ਕਦਮ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਸਰਕਾਰੀ ਸਮਾਰੋਹ ਨਹੀਂ, ਸਗੋਂ ਬਾਰਡਰ ਬੈਲਟ ਲਈ ਮਾਣ ਅਤੇ 'ਮਾਣ ਦੀ ਗੱਲ' ਹੈ, ਜਿਸ ਨਾਲ ਫਾਜ਼ਿਲਕਾ ਦੀ ਪਹਿਚਾਣ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਹੋਰ ਮਜ਼ਬੂਤ ਹੋਵੇਗੀ।
ਕਰਨ ਗਿਲਹੋਤਰਾ ਨੇ ਦੱਸਿਆ ਕਿ ਮਾਣਯੋਗ ਰਾਜਪਾਲ ਜੀ ਦੇ ਸਵਾਗਤ ਲਈ ਕਰਨ ਗਿਲਹੋਤਰਾ ਫਾਊਂਡੇਸ਼ਨ ਦੀ ਟੀਮ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਮੁਤਾਬਕ ਮਾਣਯੋਗ ਰਾਜਪਾਲ ਜੀ 25 ਜਨਵਰੀ ਨੂੰ ਫਾਜ਼ਿਲਕਾ ਪਹੁੰਚਣਗੇ ਅਤੇ ਸ਼ਹਿਰ ਵਿੱਚ ਉਨ੍ਹਾਂ ਦੇ ਸਨਮਾਨ ਵਿੱਚ ਕਈ ਸਮਾਜਿਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਦੀ ਅਧਿਆਕਸ਼ਤਾ ਮਾਣਯੋਗ ਰਾਜਪਾਲ ਜੀ ਖੁਦ ਕਰਨਗੇ।

# ਅੰਮ੍ਰਿਤਸਰ ਦੇ ਹੋਟਲ ਵਿਚ ਐਨਆਰਆਈ ਪਤਨੀ ਦਾ ਕਤਲ, ਮੁਲਜ਼ਮ ਪਤੀ ਫਰਾਰ

**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਇੱਕ ਹੋਟਲ ਵਿੱਚ ਇੱਕ ਪਤੀ ਨੇ ਆਪਣੀ ਐਨਆਰਆਈ ਪਤਨੀ ਦਾ ਕਤਲ ਕਰ ਦਿੱਤਾ। ਔਰਤ ਦੀ ਲਾਸ਼ ਬੀਤੇ ਦਿਨ ਹੋਟਲ ਦੇ ਕਮਰੇ ਵਿੱਚੋਂ ਮਿਲੀ। ਔਰਤ ਲਗਭਗ ਇੱਕ ਹਫ਼ਤਾ ਪਹਿਲਾਂ ਆਪਣੇ ਪਤੀ ਨਾਲ ਇੱਕ ਪਰਿਵਾਰਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਸਟਰੀਆ ਤੋਂ ਪੰਜਾਬ ਆਈ ਸੀ।ਜਦੋਂ ਪਤੀ ਕਾਫ਼ੀ ਦੇਰ ਤੱਕ ਵਾਪਸ ਨਹੀਂ ਆਇਆ ਅਤੇ ਕਮਰੇ ਵਿੱਚ ਕੋਈ ਹਰਕਤ ਨਹੀਂ ਹੋਈ ਤਾਂ ਹੋਟਲ ਸਟਾਫ ਨੂੰ ਸ਼ੱਕ ਹੋਇਆ। ਉਨ੍ਹਾਂ ਨੇ ਦਰਵਾਜ਼ਾ ਖੜਕਾਇਆ ਪਰ ਕੋਈ ਆਵਾਜ਼ ਨਹੀਂ ਸੁਣਾਈ ਦਿੱਤੀ। ਫਿਰ ਉਨ੍ਹਾਂ ਨੇ ਪੁਲਿਸ ਨੂੰ ਬੁਲਾਇਆ। ਫਿਰ ਦਰਵਾਜ਼ਾ ਤੋੜਿਆ ਗਿਆ। ਜਦੋਂ ਪੁਲਿਸ ਨੇ ਜਾਂਚ ਕੀਤੀ ਤਾਂ ਔਰਤ ਦੀ ਲਾਸ਼ ਬਿਸਤਰੇ ਦੇ ਹੇਠਾਂ ਪਈ ਮਿਲੀ। ਮਹਿਲਾ ਦੇ ਪੇਟ, ਗਰਦਨ ਅਤੇ ਸਰੀਰ ਦੇ ਕਈ ਹੋਰ ਹਿੱਸਿਆਂ 'ਤੇ ਚਾਕੂ ਦੇ ਜ਼ਖ਼ਮ



ਸਨ। ਉਸ ਦੇ ਭਰਾ ਦਾ ਦੋਸ਼ ਹੈ ਕਿ ਉਸ ਦੇ ਪਤੀ ਨੇ ਉਸ ਦੇ ਚਰਿੱਤਰ 'ਤੇ ਸ਼ੱਕ ਹੋਣ ਕਾਰਨ ਉਸ ਦੀ ਹੱਤਿਆ ਕੀਤੀ। ਮ੍ਰਿਤਕਾ ਦਾ ਇੱਕ 6 ਮਹੀਨੇ ਦਾ ਪੁੱਤ ਹੈ। ਉਸ ਦੇ ਭਰਾ ਦਾ ਕਹਿਣਾ ਹੈ ਕਿ ਉਸ ਦਾ ਪਤੀ ਕੱਲ੍ਹ ਰਾਤ ਘਰੋਂ ਇਹ ਕਹਿ ਕੇ ਚਲਾ ਗਿਆ ਸੀ ਕਿ ਉਹ ਘੁੰਮਣ ਜਾ ਰਹੇ ਹਨ। ਪੁੱਤ ਨੂੰ ਵੀ ਆਪਣੇ ਨਾਲ ਨਹੀਂ ਲੈ ਕੇ ਗਿਆ। ਹੁਣ ਉਨ੍ਹਾਂ ਨੂੰ ਕਤਲ ਬਾਰੇ ਪਤਾ ਲੱਗਾ ਹੈ। ਦੋਸ਼ੀ ਪਤੀ ਹੋਟਲ ਛੱਡ ਕੇ ਭੱਜ ਗਿਆ ਹੈ। ਉਸ ਦਾ ਪੂਰਾ ਪਰਿਵਾਰ ਵਿਦੇਸ਼ ਵਿੱਚ ਰਹਿੰਦਾ ਹੈ। ਪੁਲਿਸ ਨੂੰ ਇਹ ਵੀ ਸ਼ੱਕ ਹੈ ਕਿ ਉਹ ਵਿਦੇਸ਼ ਭੱਜ ਗਿਆ ਹੋ ਸਕਦਾ ਹੈ। ਪੁਲਿਸ ਨੇ ਪੋਸਟਮਾਰਟਮ ਕਰਵਾ ਕੇ ਦੋਸ਼ੀ ਪਤੀ ਵਿਰੁੱਧ ਕਤਲ ਦਾ ਕੇਸ ਦਰਜ ਕਰ ਲਿਆ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸ਼੍ਰੋਮਣੀ ਅਕਾਲੀ ਦਲ ਵੱਲੋਂ 328 ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਸਰੂਪਾਂ ਸਬੰਧੀ ਕੀਤੀ ਗਈ ਅਹਿਮ ਪ੍ਰੈਸ ਕਾਨਫਰੰਸ

**● ਦਿੱਲੀ ਦੇ ਇਸ਼ਾਰੇ ਤੇ ਮੁੱਖ ਮੰਤਰੀ ਧਾਰਮਿਕ ਮਾਮਲਿਆਂ ਤੇ ਸਿਆਸਤ ਕਰ ਰਹੇ - ਸੁਖਦੇਵ ਸਿੰਘ ਨਾਨਕਪੁਰ ● ਮਨੀਸ਼ ਸਸੋਦੀਆ ਵੱਲੋਂ ਸਾਮ ,ਦਾਮ, ਦੰਡ,ਬੇਦ ਦੇ ਬਿਆਨ ਨੂੰ ਅਮਲੀ ਜਾਮਾ ਪਹਿਨਾ ਰਹੀ ਪੰਜਾਬ ਸਰਕਾਰ -ਇੰਜੀ ਸਵਰਨ ਸਿੰਘ**

**ਕਪੂਰਥਲਾ, (ਕੌੜਾ)–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਗਾਇਬ ਹੋਏ 328 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਸਬੰਧ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਦਿੱਲੀ ਦੇ ਇਸ਼ਾਰੇ ਤੇ ਪੂਰੀ ਤਰ੍ਹਾਂ ਨਾਲ ਸਿਆਸਤ ਕਰ ਰਹੇ ਹਨ। ਇਹਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਇੱਕ ਅਹਿਮ ਪ੍ਰੈੱਸ ਕਾਨਫਰੰਸ ਵਿੱਚ ਸੀਨੀਅਰ ਯੂਥ ਅਕਾਲੀ ਆਗੂ ਸੁਖਦੇਵ ਸਿੰਘ ਨਾਨਕਪੁਰ ਨੇ ਕੀਤਾ। ਇੰਜੀਨੀਅਰ ਸਵਰਨ ਸਿੰਘ, ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਅਰੁਣਦੀਪ ਸਿੰਘ ਸੈਦਪੁਰ, ਕੁਲਦੀਪ ਸਿੰਘ ਬੂਲੇ, ਸਤਨਾਮ ਸਿੰਘ ਰਾਮੇ, ਭੁਪਿੰਦਰ ਸਿੰਘ ਖਿੰਡਾ ਆਦਿ ਦੀ ਹਾਜ਼ਰੀ ਵਿੱਚ ਸੁਖਦੇਵ ਸਿੰਘ ਨਾਨਕਪੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਗਾਇਬ ਹੋਣ ਦੇ ਮਾਮਲੇ ਅਤੇ ਆਮ ਆਦਮੀ ਪਾਰਟੀ ਦੀ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂ ਸਾਹਿਬਾਨਾਂ ਦੇ ਵਿਰੁੱਧ ਕੀਤੀਆਂ ਅਪਮਾਨਜਨਕ ਟਿੱਪਣੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ,ਇੰਜੀਨੀਅਰ ਸਵਰਨ ਸਿੰਘ, ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਕੁਲਦੀਪ ਸਿੰਘ ਬੂਲੇ, ਸਤਨਾਮ ਸਿੰਘ ਰਾਮੇ, ਭੁਪਿੰਦਰ ਸਿੰਘ ਖਿੰਡਾ ਆਦਿ ਦੀ ਹਾਜ਼ਰੀ ਵਿੱਚ ਚੋਣਵੇਂ ਪੱਤਰਕਾਰਾਂ ਨਾਲ ਰੂਬਰੂ ਹੋਏ। ਇਸ ਦੌਰਾਨ ਸੁਖਦੇਵ ਸਿੰਘ ਨਨਕਪੁਰ ਨੇ ਕਿਹਾ ਕਿ ਜੋ ਮਾਮਲਾ 328 ਸਰੂਪ ਗਾਇਬ ਹੋਣ ਦਾ ਹੈ, ਉਸ ਸਬੰਧੀ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿੰਨ ਮੈਂਬਰੀ ਈਸ਼ਰ ਸਿੰਘ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ । ਜਿਸ ਨੇ ਇੱਕ ਰਿਪੋਰਟ ਦਿੱਤੀ ਜਿਸ ਵਿੱਚ 16 ਐਸ ਜੀ ਪੀ ਸੀ ਦੇ ਮੁਲਾਜ਼ਮ ਦੋਸ਼ੀ ਪਾਏ




ਗਏ । ਉਹਨਾਂ ਨੂੰ ਉਸੇ ਸਮੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਦੇ ਵਿਰੁੱਧ ਸਰਕਾਰ ਨੂੰ ਵੀ ਕਾਰਵਾਈ ਕਰਨ ਲਈ ਲਿਖਿਆ ਗਿਆ ਸੀ। ਪ੍ਰੰਤੂ ਉਸ ਸਮੇਂ ਸਰਕਾਰ ਨੇ ਕੋਈ ਕਾਰਵਾਈ ਉਹਨਾਂ 16 ਮੁਲਾਜ਼ਮਾਂ ਤੇ ਨਹੀਂ ਕੀਤੀ। ਜਦ ਕਿ ਦੂਜੇ ਪਾਸੇ ਹੁਣ ਇਸ ਸਾਰੇ ਮਾਮਲੇ ਤੋਂ ਸਿਆਸੀ ਲਾਹਾ ਲੈ ਕੇ ਵਿਧਾਨ ਸਭਾ ਚੋਣਾਂ 2027 ਲਈ ਮੈਦਾਨ ਤਿਆਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸੁਖਦੇਵ ਸਿੰਘ ਨਾਨਕਪੁਰ ਨੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂ ਸਾਹਿਬਾਨਾਂ ਵਿਰੁੱਧ ਕੀਤੀ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ। ਉਹਨਾਂ ਕਿਹਾ ਕਿ ਇਸ ਨਾਲ ਸਿੱਖਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ। ਇਸ ਲਈ ਉਹਨਾਂ ਨੇ ਮੰਗ ਕੀਤੀ ਕਿ ਆਤਿਸ਼ੀ ਵਿਰੁੱਧ ਕੇਸ ਦਰਜ ਹੋਣਾ ਚਾਹੀਦਾ ਹੈ। ਇਸ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਇੰਜੀਨੀਅਰ ਸਵਰਨ ਸਿੰਘ ਨੇ ਵੀ ਭਗਵੰਤ ਮਾਨ ਦੀ ਸਰਕਾਰ ਨੂੰ ਆੜੇ ਹੱਥੀ ਲੈਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਧਰਮ ਦੇ ਮਾਮਲੇ ਵਿੱਚ ਬੇਲੋੜੀ ਬਿਆਨਬਾਜੀ ਕਰਕੇ ਆਪਣਾ ਸਿਆਸੀ ਪਿੜ ਜੋ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੂਰੀ ਤਰ੍ਹਾਂ ਗੁਵਾ ਚੁੱਕਾ ਹੈ। ਉਸ ਨੂੰ ਦੁਬਾਰਾ ਹਰਿਆ ਭਰਿਆ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਇਹਨਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਗੇ। ਉਹਨਾਂ ਕਿਹਾ ਕਿ ਜਸਬੀਰ ਜੱਸੀ ਦੇ ਕੀਰਤਨ ਕਰਨ ਦੇ ਮਾਮਲੇ ਵਿੱਚ ਜਿੱਥੇ ਜਸਬੀਰ ਜੱਸੀ ਨੇ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਅਕਾਲ ਤਖਤ ਦਾ ਸਤਿਕਾਰ ਕਰਦੇ ਹੋਏ ਉਸ ਤੇ ਆਪਣਾ ਪੱਖ ਰੱਖਿਆ । ਜਿਸ ਤੋਂ ਸਮੁੱਚੀਆਂ ਸਿੱਖ ਸੰਗਤਾਂ ਅਤੇ ਅਕਾਲ ਤਖਤ ਦੇ ਜਥੇਦਾਰ ਸਾਹਿਬ ਦੇ ਸ਼ੱਕ ਦੂਰ ਹੋ ਗਏ। ਪ੍ਰੰਤੂ ਫਿਰ ਵੀ ਮੁੱਖ ਮੰਤਰੀ ਇਸ ਮਾਮਲੇ ਨੂੰ ਸਹਿਜਧਾਰੀ ਸਿੱਖਾਂ ਨਾਲ ਜੋੜ ਕੇ ਉਹਨਾਂ ਨੂੰ ਗੁਰਦੁਆਰੇ ਜਾਣ ਤੋਂ ਰੋਕਣ ਸਬੰਧੀ ਆਪਣੀ ਮਾੜੀ ਸੋਚ ਦਾ ਵਤੀਰਾ ਜਾਹਿਰ ਕੀਤਾ।

ਉਹਨਾਂ ਕਿਹਾ ਕਿ ਹੁਣ ਸਰਕਾਰ 2027 ਦੀਆਂ ਚੋਣਾਂ ਨੂੰ ਲੈ ਕੇ ਮਨੀਸ਼ ਸਸੋਦੀਆ ਵੱਲੋਂ ਸਾਮ ਦਾਮ ਦੰਡ ਬੇਦ ਦੇ ਬਿਆਨ ਨੂੰ ਅਮਲੀ ਜਾਮਾ ਪਹਿਨਾਉਣ ਤੇ ਤੁਲੀ ਹੋਈ ਹੈ। ਜਿਸ ਨੂੰ ਪੰਜਾਬ ਦੇ ਲੋਕ ਕਿਸੇ ਵੀ ਕੀਮਤ ਉੱਤੇ ਸਹਿਣ ਨਹੀਂ ਕਰਨਗੇ । ਉਹਨਾਂ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਉਹ ਅਕਾਲ ਤਖ਼ਤ ਨਾਲ ਮੱਥਾ ਨਾ ਲਾਉਣ। ਇਸ ਮੌਕੇ ਤੇ ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਦਰਬਾਰਾ ਸਿੰਘ ਵਿਰਦੀ ਸੀਨੀਅਰ ਯੂਥ ਆਗੂ,ਭੁਪਿੰਦਰ ਸਿੰਘ ਖਿੰਡਾ, ਸੁਖਵਿੰਦਰ ਸਿੰਘ ਧੰਜੂ, ਬਲਜੀਤ ਸਿੰਘ ਬੱਲੀ, ਮਲਕੀਤ ਸਿੰਘ ਚੰਦੀ,ਅਰੁਣਦੀਪ ਸਿੰਘ ਸੈਦਪੁਰ,ਕੁਲਦੀਪ ਸਿੰਘ ਬੂਲੇ, ਸਤਨਾਮ ਸਿੰਘ ਰਾਮੇ, ਬੀਬੀ ਬਲਜੀਤ ਕੌਰ ਕਮਾਲਪੁਰ,ਜਥੇਦਾਰ ਜੋਗਿੰਦਰ ਸਿੰਘ ਭੁੱਟੋ ਆਦਿ ਆਗੂ ਹਾਜ਼ਰ ਸਨ।

## ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਨੂੰ ਬੈਂਕ ਵੱਲੋਂ 2 ਲੱਖ ਰੁਪਏ ਦਾ ਸਮਾਨ ਦਿੱਤਾ ਗਿਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਟੇਟ ਬੈਂਕ ਆਫ ਇੰਡੀਆ, ਫੁਆਰਾ ਚੌਂਕ, ਲੁਧਿਆਣਾ ਵੱਲੋਂ ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਨੂੰ 2 ਲੱਖ ਰੁਪਏ ਦਾ ਸਮਾਨ ਦੇਣ ਲਈ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ । ਸਕੂਲ ਦੇ ਨੇਤਰਹੀਣ, ਵਿਕਲਾਂਗ ਅਤੇ ਮੰਦਬੁੱਧੀ ਬੱਚਿਆਂ ਰਵੀ, ਪ੍ਰਦੀਪ ਅਤੇ ਸਤਬੀਰ ਸਿੰਘ ਨੇ ਬੈਂਕ ਵੱਲੋਂ ਆਏ ਮਹਿਮਾਨਾਂ ਰਮਨ ਸੁਧੀਰ, ਸਵਾਤੀ ਮੈਡਮ ਸਟੇਟ ਬੈਂਕ ਆਫ ਇੰਡੀਆ ਫੁਆਰਾ ਚੌਂਕ ਲੁਧਿਆਣਾ ਅਤੇ ਅਮਨਜੋਤ ਸਿੰਘ ਬੈਂਕ ਮੈਨੇਜਰ ਬ੍ਰਾਂਚ ਅਗਰ ਨਗਰ ਲੁਧਿਆਣਾ ਦਾ ਬੁੱਕੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ । ਇਸ ਮੌਕੇ ਸੁਰਜੀਤ ਸਿੰਘ ਨੇ ਗੁਰਬਾਣੀ ਸ਼ਬਦ ਅਤੇ 'ਗਰੀਬੋਂ ਕੀ ਸੁਣੋ ਵੋਹ ਤੁਮਾਰੀ ਸੁਣੇਗਾ',





'ਸਾਕਸੀ ਨੇ 'ਤੂੰ ਕਿਤਨੀ ਅੱਛੀ ਹੈ ਮੇਰੀ ਮਾਂ ' ਅਤੇ ਮੇਰਾ ਆਪ ਹੀ ਕਿਰਪਾ ਸੇ ਸਭ ਕਾਮ ਹੋ ਰਹਾ ਹੈ', ਰਵੀ ਨੇ ਗੁਰਬਾਣੀ ਸ਼ਬਦ 'ਮੇਰਾ ਮਾਤ ਪਿਤਾ ਹਰਿ ਰਾਇਆ' ਗਾ ਕੇ ਗੁਰੂ ਚਰਨਾਂ ਨਾਲ ਜੋੜਿਆ । ਸਕੂਲ ਨੂੰ ਬੈਂਕ ਵੱਲੋਂ 2 ਲੱਖ ਰੁਪਏ ਦਾ ਸਮਾਨ ਜਿਸ ਵਿੱਚ ਪਲੇਟ ਬਣਾਉਣ ਵਾਲੀ ਮਸ਼ੀਨ, 15 ਰਜ਼ਾਈਆਂ, 30 ਤੋਲੀਏ, 10 ਚਾਦਰਾਂ, 10 ਮੰਜੇ, ਐਂਪਲੀਫਾਇਰ, 2 ਮਾਈਕ ਦਿੱਤੇ ਗਏ । ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਤਵੰਤ ਕੌਰ ਅਤੇ ਮੈਨੇਜਰ ਕਰਨੈਲ ਸਿੰਘ ਨੇ ਬੈਂਕ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ।

## ਬੱਸ ਦੇ ਪਿੱਛੇ ਮੋਟਰਸਾਈਕਲ ਵੱਜਣ ਕਾਰਨ ਵਾਪਰਿਆ ਹਾਦਸਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਰੈਲਮਾਜਰਾ ਰਾਇਤ ਕਾਲਜ਼ ਦੇ ਸਾਹਮਣੇ ਬੱਸ ਅਤੇ ਮੋਟਰਸਾਈਕਲ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆਂ ਕਿ ਇੱਕ ਐਕਸਪ੍ਰੈਸ ਬੱਸ ਜਿਸ ਦਾ ਨੰਬਰ ਪੀ ਬੀ 07ਬੀ ਆਰ 5523 ਜਿਸ ਨੂੰ ਜਸਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪਿੰਡ ਟੂਟੋ ਮਾਜਰਾ ਚਲਾ ਰਿਹਾ ਸੀ ਜੋ ਕਿ ਹੁਸ਼ਿਆਰਪੁਰ ਤੋਂ ਰੋਪੜ੍ਹ ਸਾਈਡ ਜਾ ਰਿਹਾ ਸੀ ਜਦੋਂ ਇਹ ਬੱਸ ਰੈਲਮਾਜਰਾ ਦੇ ਰਾਇਤ ਰਾਇਤ ਕਾਲਜ਼ ਕੋਲ ਪਹੁੰਚੀ ਤਾ ਬੱਸ ਵਿੱਚੋਂ ਸਵਾਰੀਆਂ ਉੱਤਰ ਰਹੀਆਂ ਸਨ ਅਤੇ ਪਿੱਛੋਂ ਆ ਰਿਹਾ ਇੱਕ ਕਾਵਾਸਾਕੀ ਮੋਟਰਸਾਈਕਲ ਜਿਸ ਨੰਬਰ ਸੀ ਐਚ 03ਐਚ 9889 ਬੱਸ ਦੇ ਪਿੱਛੇ ਵਿੱਚ ਟਕਰਾ ਗਿਆ ਜਿਸ ਕਾਰਨ ਮੋਟਰਸਾਈਕਲ ਚਾਲਕ ਕੁਲਦੀਪ ਪੁੱਤਰ ਦਾਤਾ ਰਾਮ ਪਿੰਡ ਬੀੜ ਸਰਕਾਰ ਜ਼ਖਮੀ ਹੋ ਗਿਆ ਜਿਸ ਨੂੰ ਰਾਇਤ ਕਾਲਜ



ਦੀ ਐਬੂਲੈਂਸ ਦੀ ਮਦਦ ਨਾਲ ਸਿਵਿਲ ਹਸਪਤਾਲ ਰੋਪੜ੍ਹ ਦਾਖਲ ਕਰਵਾਇਆ ਗਿਆ ਐਸ ਐਸ ਐਫ ਦੀ ਟੀਮ ਵਲੋਂ ਵਾਹਨਾਂ ਸਾਇਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਅਤੇ ਐਕਸਪ੍ਰੈਸ ਬੱਸ ਨੂੰ ਚੌਂਕੀ ਆਸਰੋਂ ਵਿਖੇ ਛੱਡੀਆਂ ਗਿਆ ।ਇਸ ਹਾਦਸੇ ਦੀ ਜਾਣਕਾਰੀ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਥਾਣਾ ਕਾਠਗੜ੍ਹ ਦੇ ਦਿੱਤੀ ਗਈ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਓਮੈਕਸ ਨੇ ਲੁਧਿਆਣਾ ਵਿੱਚ ਮਿਸ਼ਰਤ-ਵਰਤੋਂ ਵਾਲੇ ਓਮੈਕਸ ਚੌਕ ਪ੍ਰੋਜੈਕਟ ਦੀ ਸ਼ੁਰੂਆਤ ਲਈ 500 ਕਰੋੜ ਰੁਪਏ ਦਾ ਨਿਵੇਸ਼ ਕੀਤਾ

## ਸ਼ਾਪਿੰਗ, ਭੋਜਨ, ਮਨੋਰੰਜਨ ਅਤੇ ਕਮਿਊਨਿਟੀ ਸਪੇਸ ਨੂੰ ਜੋੜਨ ਲਈ ਲਗਭਗ 5.25 ਏਕੜ ਵਿੱਚ ਫੈਲਿਆ ਹਾਈ-ਸਟ੍ਰੀਟ ਰਿਟੇਲ ਅਤੇ ਲਗਜ਼ਰੀ ਰਿਹਾਇਸ਼ੀ ਸਥਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਭਾਰਤ ਦੇ ਪ੍ਰਮੁੱਖ ਰੀਅਲ ਅਸਟੇਟ ਡਿਵੈਲਪਰਾਂ ਵਿੱਚੋਂ ਇੱਕ, ਓਮੈਕਸ ਲਿਮਟਿਡ ਨੇ ਓਮੈਕਸ ਚੌਕ, ਲੁਧਿਆਣਾ ਦੀ ਘੋਸ਼ਣਾ ਕੀਤੀ ਹੈ, ਜੋ ਕਿ ਇੱਕ ਆਧੁਨਿਕ ਮਿਸ਼ਰਤ-ਵਰਤੋਂ ਵਾਲੇ ਹਾਈ-ਸਟ੍ਰੀਟ ਸਥਾਨ ਹੈ ਜਿਸਦਾ ਉਦੇਸ਼ ਸ਼ਹਿਰ ਵਿੱਚ ਸੰਗਠਿਤ ਪ੍ਰਚੂਨ ਅਤੇ ਲਗਜ਼ਰੀ ਰਿਹਾਇਸ਼ਾਂ ਨੂੰ ਮੁੜ ਪਰਿਭਾਸ਼ਿਤ ਕਰਨਾ ਹੈ। ਰਣਨੀਤਕ ਤੌਰ 'ਤੇ ਲੁਧਿਆਣਾ ਦੇ ਦਿਲ ਵਿੱਚ ਘੁਮਾਰ ਮੰਡੀ ਵਿਖੇ ਸਥਿਤ, ਸ਼ਹਿਰ ਦੇ ਸਭ ਤੋਂ ਮਸ਼ਹੂਰ ਅਤੇ ਸਥਾਪਿਤ ਵਪਾਰਕ ਅਤੇ ਵਿਆਹ ਸ਼ਾਪਿੰਗ ਬਾਜ਼ਾਰਾਂ ਵਿੱਚੋਂ ਇੱਕ, ਇਸ ਪ੍ਰੋਜੈਕਟ ਨੂੰ ਇੱਕ ਏਕੀਕ੍ਰਿਤ ਸ਼ਹਿਰੀ ਮੰਜ਼ਿਲ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ ਜੋ ਇੱਕ ਸਿੰਗਲ, ਚੰਗੀ ਤਰ੍ਹਾਂ ਯੋਜਨਾਬੱਧ ਵਿਕਾਸ ਦੇ ਅੰਦਰ ਵਪਾਰਕ ਅਤੇ ਲਗਜ਼ਰੀ ਰਿਹਾਇਸ਼ੀ ਹਿੱਸਿਆਂ ਨੂੰ ਜੋੜਦਾ ਹੈ। ਜ਼ਮੀਨ ਪਾਰਸਲ ਨੂੰ ਰੇਲ ਲੈਂਡ ਡਿਵੈਲਪਮੈਂਟ ਅਥਾਰਟੀ (ਲ਼ਧਅ) ਦੁਆਰਾ ਆਯੋਜਿਤ ਇੱਕ ਪ੍ਰਤੀਯੋਗੀ ਬੋਲੀ ਪ੍ਰਕਿਰਿਆ ਦੁਆਰਾ ਸੁਰੱਖਿਅਤ ਕੀਤਾ ਗਿਆ ਹੈ ਅਤੇ ਇਸਨੂੰ ਲੀਜ਼ਹੋਲਡ ਦੇ ਅਧਾਰ 'ਤੇ ਵਿਕਸਤ ਕੀਤਾ ਜਾ ਰਿਹਾ ਹੈ। ਲਗਭਗ 5.25 ਏਕੜ ਵਿੱਚ ਫੈਲਿਆ ਹੋਇਆ ਹੈ ਜਿਸ ਵਿੱਚ ਕੁੱਲ ਰੁਪਏ ਦਾ ਨਿਵੇਸ਼ ਹੈ। 500 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ, ਓਮੈਕਸ ਚੌਕ ਪਹਿਲਾਂ ਹੀ ਉੱਚ-ਉੱਚ-ਫੁੱਟ ਵਾਲੇ ਬਾਜ਼ਾਰ ਵਿੱਚ ਪੈਮਾਨੇ, ਢਾਂਚੇ ਅਤੇ ਸਮਕਾਲੀ ਯੋਜਨਾਬੰਦੀ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਪ੍ਰੋਜੈਕਟ ਅੱਜ ਸ਼ਹਿਰ ਵਪਾਰਕ ਸਥਾਨਾਂ ਨਾਲ ਕਿਵੇਂ ਜੁੜਦੇ ਹਨ, ਇਸ ਵਿੱਚ ਇੱਕ ਵਿਆਪਕ ਤਬਦੀਲੀ ਨੂੰ ਦਰਸਾਉਂਦਾ ਹੈ, ਜਿੱਥੇ ਖਰੀਦਦਾਰੀ ਇੱਕ ਵੱਡੇ ਸਮਾਜਿਕ ਅਤੇ ਜੀਵਨ ਸ਼ੈਲੀ ਦੇ ਅਨੁਭਵ ਦਾ ਹਿੱਸਾ ਬਣ ਗਈ ਹੈ। ਇੱਕ ਆਧੁਨਿਕ ਹਾਈ-ਸਟ੍ਰੀਟ ਮਾਰਕੀਟ ਵਜੋਂ ਕਲਪਨਾ ਕੀਤੀ ਗਈ, ਓਮੈਕਸ ਚੌਕ ਵਿਆਹ ਦੀ ਖਰੀਦਦਾਰੀ, ਗਹਿਣਿਆਂ, ਫੈਸ਼ਨ, ਮੰਜ਼ਿਲ ਦੇ ਖਾਣੇ ਅਤੇ ਮਨੋਰੰਜਨ 'ਤੇ ਜ਼ੋਰਦਾਰ ਧਿਆਨ ਦੇ ਨਾਲ, ਇੱਕ ਮੰਜ਼ਿਲ 'ਤੇ ਖਰੀਦਦਾਰੀ, ਲਗਜ਼ਰੀ ਰਿਹਾਇਸ਼ਾਂ ਅਤੇ ਜਸ਼ਨਾਂ ਨੂੰ ਇਕੱਠਾ ਕਰਦੀ ਹੈ। ਵਿਕਾਸ ਦੀ ਯੋਜਨਾ ਲੁਧਿਆਣਾ ਦੇ ਸਥਾਪਿਤ ਵਪਾਰਕ ਸੱਭਿਆਚਾਰ ਨਾਲ ਨੇੜਿਓਂ ਜੁੜੇ ਹੋਏ, ਰਵਾਇਤੀ ਬਾਜ਼ਾਰ ਖੇਤਰਾਂ ਲਈ ਇੱਕ ਵਧੇਰੇ ਢਾਂਚਾਗਤ, ਆਰਾਮਦਾਇਕ ਅਤੇ ਦਿਲਚਸਪ ਵਿਕਲਪ ਪੇਸ਼ ਕਰਨ ਲਈ ਬਣਾਈ ਗਈ ਹੈ। ਇਸ ਐਲਾਨ 'ਤੇ ਬੋਲਦੇ ਹੋਏ, ਓਮੈਕਸ ਲਿਮਟਿਡ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਜਤਿਨ ਗੋਇਲ ਨੇ ਕਿਹਾ, "ਲੁਧਿਆਣਾ ਹਮੇਸ਼ਾਂ ਤੋਂ ਹੀ ਓਮੈਕਸ ਲਈ ਇੱਕ ਮਹੱਤਵਪੂਰਨ ਬਾਜ਼ਾਰ ਰਿਹਾ ਹੈ, ਜੋ ਕਿ ਮਜ਼ਬੂਤ ਉੱਦਮ ਅਤੇ ਰੋਜ਼ਾਨਾ ਵਪਾਰਕ ਗਤੀਵਿਧੀਆਂ ਦੁਆਰਾ ਆਕਾਰ ਪ੍ਰਾਪਤ ਕਰਦਾ ਹੈ। ਓਮੈਕਸ ਚੌਕ ਦੇ ਨਾਲ, ਸਾਡਾ ਉਦੇਸ਼ ਇੱਕ ਅਜਿਹੀ ਮੰਜ਼ਿਲ ਬਣਾਉਣਾ ਹੈ ਜੋ ਸਮਕਾਲੀ ਪਰ ਜਾਣੂ ਮਹਿਸੂਸ ਹੋਵੇ, ਜੋ ਲੋਕਾਂ ਦੇ ਖਰੀਦਦਾਰੀ ਕਰਨ, ਖਾਣ ਪੀਣ ਅਤੇ ਸਮਾਂ ਬਿਤਾਉਣ ਦੇ ਤਰੀਕੇ ਵਿੱਚ ਢਾਂਚਾ, ਲਗਜ਼ਰੀ, ਸੌਖ ਅਤੇ



ਆਰਾਮ ਲਿਆਉਂਦਾ ਹੈ। ਇੱਕ ਮੁੱਖ ਫੋਕਸ ਪੈਦਲ-ਦੁਕਾਨ ਦੀ ਸਹੂਲਤ ਰਿਹਾ ਹੈ, ਜਿੱਥੇ ਸਹਿਜ ਸੰਪਰਕ ਲੋਕਾਂ ਨੂੰ ਘਰ ਤੋਂ ਦਫਤਰ ਅਤੇ ਘਰ ਤੋਂ ਪ੍ਰਚੂਨ ਅਤੇ ਖਾਣ ਪੀਣ ਦੀਆਂ ਥਾਵਾਂ 'ਤੇ ਆਸਾਨੀ ਨਾਲ ਜਾਣ ਦੀ ਆਗਿਆ ਦਿੰਦਾ ਹੈ। ਅੱਜ ਖਪਤਕਾਰ ਅਜਿਹੇ ਸਥਾਨਾਂ ਦੀ ਭਾਲ ਕਰ ਰਹੇ ਹਨ ਜੋ ਨਾ ਸਿਰਫ਼ ਵਿਕਲਪ, ਸਗੋਂ ਸਹੂਲਤ, ਏਕੀਕ੍ਰਿਤ ਲਗਜ਼ਰੀ ਰਿਹਾਇਸ਼ਾਂ ਅਤੇ ਇੱਕ ਸਵਾਗਤਯੋਗ ਮਾਹੌਲ ਦੀ ਪੇਸ਼ਕਸ਼ ਕਰਦੇ ਹਨ, ਅਤੇ ਇਸ ਪ੍ਰੋਜੈਕਟ ਨੂੰ ਉਨ੍ਹਾਂ ਉਮੀਦਾਂ ਦੇ ਕੇਂਦਰ ਵਿੱਚ ਰੱਖ ਕੇ ਸੋਚ-ਸਮਝ ਕੇ ਯੋਜਨਾਬੱਧ ਕੀਤਾ ਗਿਆ ਹੈ।" ਵਿਕਾਸ ਵਿੱਚ ਪ੍ਰੀਮੀਅਮ ਪ੍ਰਚੂਨ ਦੁਕਾਨਾਂ, ਵਿਆਹ ਅਤੇ ਗਹਿਣਿਆਂ ਦੇ ਸ਼ੋਅਰੂਮ, ਫੈਸ਼ਨ ਆਊਟਲੇਟ, ਡੈਸਟੀਨੇਸ਼ਨ ਡਾਇਨਿੰਗ, ਅਤੇ ਇੱਕ ਮਨੋਰੰਜਨ ਜ਼ੋਨ ਦਾ ਇੱਕ ਸੰਤੁਲਿਤ ਮਿਸ਼ਰਣ ਹੋਵੇਗਾ, ਜੋ ਸਥਾਨਕ ਖਰੀਦਦਾਰਾਂ ਅਤੇ ਪ੍ਰਵਾਸੀ ਭਾਰਤੀਆਂ ਦੋਵਾਂ ਨੂੰ ਪੂਰਾ ਕਰੇਗਾ ਜੋ ਵਿਆਹ ਅਤੇ ਮੌਕੇ-ਅਧਾਰਤ ਖਰੀਦਦਾਰੀ ਲਈ ਅਕਸਰ ਲੁਧਿਆਣਾ ਆਉਂਦੇ ਹਨ। ਓਮੈਕਸ ਚੌਕ ਵਿੱਚ ਬ੍ਰਾਂਡਾਂ ਦੇ ਇੱਕ ਵੱਡੇ ਮਿਸ਼ਰਣ ਦੀ ਮੇਜ਼ਬਾਨੀ ਕਰਨ ਦੀ ਯੋਜਨਾ ਹੈ ਅਤੇ ਇਸ ਵਿੱਚ ਇੱਕ ਸਮਰਪਿਤ ਫਲੈਗਸ਼ਿਪ ਫੂਡ ਐਂਡ ਐਕਸਪੀਰੀਅੰਸ ਜ਼ੋਨ, ਦਾਵਤਪੁਰ ਸ਼ਾਮਲ ਹੋਵੇਗਾ, ਜਦੋਂ ਕਿ ਖਾਣੇ ਅਤੇ ਮਨੋਰੰਜਨ ਦੇ ਨਾਲ-ਨਾਲ ਸੰਗਠਿਤ ਖਰੀਦਦਾਰੀ ਨੂੰ ਮੁੱਖ ਆਕਰਸ਼ਣ ਵਜੋਂ ਰੱਖਿਆ ਜਾਵੇਗਾ। ਬ੍ਰਾਂਡ ਭਾਗੀਦਾਰੀ ਬਾਰੇ ਵੇਰਵੇ ਲਾਂਚ ਦੇ ਨੇੜੇ ਐਲਾਨ ਕੀਤੇ ਜਾਣਗੇ। ਸੈਲਾਨੀਆਂ ਦੇ ਆਰਾਮ ਨੂੰ ਧਿਆਨ ਵਿੱਚ ਰੱਖਦੇ ਹੋਏ ਯੋਜਨਾਬੱਧ, ਓਮੈਕਸ ਚੌਕ ਦੋ-ਪਾਸੜ ਫਰੰਟੇਜ ਤੋਂ ਲਾਭ ਪ੍ਰਾਪਤ ਕਰੇਗਾ, ਜਿਸ ਵਿੱਚ ਇੱਕ ਪਾਸੇ ਰਾਣੀ ਝਾਂਸੀ ਰੋਡ ਅਤੇ ਦੂਜੇ ਪਾਸੇ ਕਾਲਜ ਰੋਡ ਤੋਂ ਪਹੁੰਚ ਹੋਵੇਗੀ, ਜੋ ਦ੍ਰਿਸ਼ਟੀ ਅਤੇ ਪ੍ਰਵੇਸ਼ ਦੀ ਸੌਖ ਨੂੰ ਵਧਾਏਗੀ। ਲੁਧਿਆਣਾ ਦੇ ਸਥਾਪਿਤ ਵਪਾਰਕ ਜ਼ੋਨ ਦੇ ਅੰਦਰ ਸਥਿਤ, ਇਹ ਸਥਾਨ ਗੰਭੀਰ, ਉੱਚ-ਇਰਾਦੇ ਵਾਲੇ ਖਰੀਦਦਾਰਾਂ ਦੀ ਇੱਕ ਉੱਚ ਇਕਾਗਰਤਾ ਨੂੰ ਆਕਰਸ਼ਿਤ ਕਰਦਾ ਹੈ। ਇਹ ਵਿਕਾਸ ਚੌੜੀਆਂ ਪਹੁੰਚ ਸੜਕਾਂ, ਸੰਗਠਿਤ ਮਲਟੀਪਲ ਐਂਟਰੀ ਅਤੇ ਐਗਜ਼ਿਟ ਪੁਆਇੰਟ, ਯੋਜਨਾਬੱਧ ਅੰਦਰੂਨੀ ਸਰਕੂਲੇਸ਼ਨ, ਅਤੇ 1,000 ਤੋਂ ਵੱਧ ਕਾਰਾਂ ਲਈ ਪਾਰਕਿੰਗ ਦੀ ਪੇਸ਼ਕਸ਼ ਕਰੇਗਾ, ਜੋ ਆਮ ਤੌਰ 'ਤੇ ਰਵਾਇਤੀ ਬਾਜ਼ਾਰ ਖੇਤਰਾਂ ਨਾਲ ਜੁੜੀਆਂ ਚੁਣੌਤੀਆਂ ਨੂੰ ਸੰਬੋਧਿਤ ਕਰੇਗਾ। ਇਸ ਪ੍ਰੋਜੈਕਟ ਵਿੱਚ ਇੱਕ ਆਧੁਨਿਕ ਡਿਜ਼ਾਈਨ ਪਹੁੰਚ ਦੇ ਨਾਲ ਚੌੜੇ ਪੈਦਲ ਚੱਲਣ ਵਾਲੇ ਰਸਤੇ ਅਤੇ ਵਿਰਾਸਤ-ਪ੍ਰੇਰਿਤ ਆਰਕੀਟੈਕਚਰ ਵੀ ਸ਼ਾਮਲ ਹੋਣਗੇ, ਇੱਕ ਅਜਿਹੀ ਮੰਜ਼ਿਲ ਬਣਾਉਣਗੇ ਜੋ ਕਾਰਜਸ਼ੀਲ ਅਤੇ ਅਨੁਭਵੀ ਦੋਵੇਂ ਤਰ੍ਹਾਂ ਦੀ ਹੋਵੇ।

ਓਮੈਕਸ ਚੌਕ ਤੋਂ ਉਸਾਰੀ ਦੌਰਾਨ ਮਹੱਤਵਪੂਰਨ ਸਥਾਨਕ ਰੁਜ਼ਗਾਰ ਪੈਦਾ ਕਰਨ ਅਤੇ ਪ੍ਰਚੂਨ, ਭੋਜਨ ਅਤੇ ਪੀਣ ਵਾਲੇ ਪਦਾਰਥ, ਸੁਰੱਖਿਆ, ਰੱਖ-ਰਖਾਅ ਅਤੇ ਸਹੂਲਤ ਪ੍ਰਬੰਧਨ ਵਿੱਚ ਲੰਬੇ ਸਮੇਂ ਦੇ ਨੌਕਰੀ ਦੇ ਮੌਕੇ ਪੈਦਾ ਕਰਨ ਦੀ ਉਮੀਦ ਹੈ। ਬ੍ਰਾਂਡਾਂ, ਸੈਲਾਨੀਆਂ ਅਤੇ ਸਮਾਗਮਾਂ ਨੂੰ ਆਕਰਸ਼ਿਤ ਕਰਕੇ, ਇਸ ਵਿਕਾਸ ਨਾਲ ਆਲੇ ਦੁਆਲੇ ਦੇ ਕਾਰੋਬਾਰਾਂ ਨੂੰ ਹੁਲਾਰਾ ਮਿਲਣ, ਇਲਾਕੇ ਵਿੱਚ ਲੋਕਾਂ ਦੀ ਆਮਦ ਵਧਣ ਅਤੇ ਲੁਧਿਆਣਾ ਵਿੱਚ ਨਿਰੰਤਰ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਉਮੀਦ ਹੈ। ਇੱਕ ਪੀਪੀਪੀ ਪ੍ਰੋਜੈਕਟ ਦੇ ਰੂਪ ਵਿੱਚ, ਓਮੈਕਸ ਚੌਕ ਨੂੰ ਆਰਐਲਡੀਏ ਅਤੇ ਲੁਧਿਆਣਾ ਥੋਕ ਮਾਰਕੀਟ ਪ੍ਰਾਈਵੇਟ ਲਿਮਟਿਡ (ਓਮੈਕਸ ਲਿਮਟਿਡ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ) ਵਿਚਕਾਰ ਇੱਕ ਸਮਝੌਤੇ ਦੇ ਤਹਿਤ ਵਿਕਸਤ ਕੀਤਾ ਜਾ ਰਿਹਾ ਹੈ। ਪ੍ਰੋਜੈਕਟ ਨੂੰ ਜੂਨ 2030 ਤੱਕ ੍ਰਉਅ ਸਮਾਂ-ਸੀਮਾਵਾਂ ਅਨੁਸਾਰ ਡਿਲੀਵਰੀ ਲਈ ਤਹਿ ਕੀਤਾ ਗਿਆ ਹੈ। ਜਿਵੇਂ ਕਿ ਲੁਧਿਆਣਾ ਇੱਕ ਉੱਚ-ਵਿਕਾਸ ਵਾਲੇ ਸ਼ਹਿਰੀ ਕੇਂਦਰ ਵਜੋਂ ਫੈਲਣਾ ਜਾਰੀ ਰੱਖਦਾ ਹੈ, ਓਮੈਕਸ ਚੌਕ ਨੂੰ ਇੱਕ ਲੰਬੇ ਸਮੇਂ ਦੇ ਮਿਸ਼ਰਤ-ਵਰਤੋਂ ਵਿਕਾਸ ਵਜੋਂ ਕਲਪਨਾ ਕੀਤੀ ਗਈ ਹੈ ਜੋ ਸੰਗਠਿਤ ਵਪਾਰ ਅਤੇ ਗੁਣਵੱਤਾ ਅਤੇ ਲਗਜ਼ਰੀ ਰਿਹਾਇਸ਼ੀ ਜੀਵਨ ਨੂੰ ਇਕੱਠਾ ਕਰਦਾ ਹੈ, ਜੋ ਕਿ ਆਧੁਨਿਕ ਬੁਨਿਆਦੀ ਢਾਂਚੇ ਅਤੇ ਅਨੁਭਵ-ਅਗਵਾਈ ਯੋਜਨਾਬੰਦੀ ਦੁਆਰਾ ਸਮਰਥਤ ਹੈ। ਪ੍ਰੋਜੈਕਟ ਦੀ ਰਿਹਾਇਸ਼ੀ ਪੇਸ਼ਕਸ਼ ਇਸਦੇ ਮਿਸ਼ਰਤ-ਵਰਤੋਂ ਦੇ ਚਰਿੱਤਰ ਨੂੰ ਹੋਰ ਮਜ਼ਬੂਤ ਕਰਦੀ ਹੈ, ਮੰਜ਼ਿਲ ਵਿੱਚ ਲੰਬੇ ਸਮੇਂ ਦੀ ਰਹਿਣ-ਸਹਿਣਯੋਗਤਾ ਅਤੇ ਨਿਰੰਤਰ ਸ਼ਹਿਰੀ ਮੁੱਲ ਜੋੜਦੀ ਹੈ। ਰਿਹਾਇਸ਼ੀ ਆਂਢ-ਗੁਆਂਢ ਤੋਂ ਲੈ ਕੇ ਵੱਡੇ-ਫਾਰਮੈਟ ਵਾਲੇ ਸ਼ਹਿਰੀ ਸਥਾਨਾਂ ਤੱਕ, ਓਮੈਕਸ ਨੇ 8 ਰਾਜਾਂ ਦੇ 31 ਸ਼ਹਿਰਾਂ ਵਿੱਚ ਭਾਰਤ ਦੇ ਸ਼ਹਿਰੀ ਵਿਕਾਸ ਵਿੱਚ ਇੱਕ ਨਿਰੰਤਰ ਭੂਮਿਕਾ ਨਿਭਾਈ, ਜਿਸ ਵਿੱਚ ਰਿਹਾਇਸ਼ੀ, ਵਪਾਰਕ, ਏਕੀਕ੍ਰਿਤ ਟਾਊਨਸ਼ਿਪਾਂ ਅਤੇ ਜਨਤਕ-ਨਿੱਜੀ ਭਾਈਵਾਲੀ ਵਿਕਾਸ ਸ਼ਾਮਲ ਹਨ। ਓਮੈਕਸ ਦੇ ਮੁੱਖ ਪ੍ਰੋਜੈਕਟਾਂ ਵਿੱਚ ਦਵਾਰਕਾ ਵਿੱਚ ਓਮੈਕਸ ਸਟੇਟ, ਚਾਂਦਨੀ ਚੌਕ ਵਿੱਚ ਓਮੈਕਸ ਚੌਕ, ਫਰੀਦਾਬਾਦ ਵਿੱਚ ਵਰਲਡ ਸਟ੍ਰੀਟ, ਓਮੈਕਸ ਨਿਊ ਚੰਡੀਗੜ੍ਹ, ਲੁਧਿਆਣਾ ਵਿੱਚ ਓਮੈਕਸ ਰਾਇਲ ਰੈਜ਼ੀਡੈਂਸੀ, ਲਖਨਊ ਵਿੱਚ ਓਮੈਕਸ ਹਜ਼ਰਤਗੰਜ, ਪ੍ਰਯਾਗਰਾਜ ਵਿੱਚ ਓਮੈਕਸ ਸੰਗਮ ਸਿਟੀ, ਇੰਦੌਰ ਵਿੱਚ ਓਮੈਕਸ ਸਿਟੀ 1 ਅਤੇ 2, ਅਤੇ ਵ੍ਰਿੰਦਾਵਨ ਵਿੱਚ ਓਮੈਕਸ ਈਟਰਨਿਟੀ ਸ਼ਾਮਲ ਹਨ। ਵਿੱਤੀ ਸਾਲ 2024-25 ਵਿੱਚ, ਓਮੈਕਸ ਲਿਮਟਿਡ ਨੇ ₹1,637 ਕਰੋੜ ਦੀ ਕੁੱਲ ਆਮਦਨ ਦੀ ਰਿਪੋਰਟ ਕੀਤੀ।

# ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ) ਫ਼ਰੀਦਕੋਟ ਨੇ ਮਨਾਈ ਬਾਬਾ ਫ਼ਰੀਦ ਕੁਸ਼ਟ ਆਸ਼ਰਮ ਫ਼ਰੀਦਕੋਟ ਵਿਖੇ ਲੋਹੜੀ

**ਫ਼ਰੀਦਕੋਟ ( ਸ਼ਿਵਨਾਥ)** ਅੱਜ ਕਲਮਾਂ ਦੇ ਰੰਗ ਸਾਹਿਤ ਸਭਾ( ਰਜਿ) ਫ਼ਰੀਦਕੋਟ ਦੇ ਮੈਬਰਾਂ ਤੇ ਅਹੁਦੇਦਾਰਾਂ ਵੱਲੋ ਬਾਬਾ ਫ਼ਰੀਦ ਕੁਸ਼ਟ ਆਸ਼ਰਮ ਸੰਜੇ ਨਗਰ ਫ਼ਰੀਦਕੋਟ ਦੇ ਰਹਿਣ ਵਾਲਿਆਂ ਨਾਲ ਰਲ ਮਨਾਈ ਲੋਹੜੀ। ਇਹ ਜਾਣਕਾਰੀ ਪ੍ਰੈਸ ਨਾਲ ਸਭਾ ਦੇ ਜਰਨਲ ਸਕੱਤਰ ਜਸਵਿੰਦਰ ਜੱਸ ਨੇ ਸਾਂਝੀ ਕਰਦਿਆ ਦੱਸਿਆ ਕਿ ਪਿਛਲੇ ਦਿਨੀ ਸਾਡੀ ਸਭਾ ਵੱਲੋ ਲੋਹੜੀ ਧੀਆਂ ਦੀ ਮਨਾਈ ਗਈ। ਜਿਸ ਵਿੱਚ ਵੱਖ-ਵੱਖ ਖੇਤਰ ਬੇਹਤਰੀਣ ਕੰਮਾਂ ਨਾਲ ਪਛਾਣ ਬਣਾਉਣ ਵਾਲੀਆ ਧੀਆਂ ਦਾ ਸਨਮਾਨ ਕੀਤਾ। ਅਜਿਹੇ ਚੰਗੇਰੇ ਕਾਰਜਾਂ



ਲਈ ਸਾਡੀ ਸਭਾ ਹਮੇਸ਼ਾ ਮੂਹਰਲੀ ਕਤਾਰ ਵਿਚ ਖੜੀ ਹੈ। ਸਾਡੀ ਸਭਾ ਦੇ ਮੈਂਬਰ ਅਹੁਦੇਦਾਰ ਸਮਾਜ ਨੂੰ ਖੂਬਸੂਰਤ ਬਣਿਆ ਦੇਖਣਾ ਚਾਹੁੰਦੇ ਹਨ।

ਇਸ ਸਮੇ ਸਭਾ ਦੇ ਪ੍ਰਧਾਨ ਸ਼ਿਵਨਾਥ ਦਰਦੀ, ਚੇਅਰਮੈਨ ਪ੍ਰੋ ਬੀਰ ਇੰਦਰ ਸਰਾਂ, ਕਾਨੂੰਨੀ ਸਲਾਹਕਾਰ ਐਡਵੋਕੇਟ ਪ੍ਰਦੀਪ ਅਟਵਾਲ, ਸਭਾ ਦੇ ਮੈਂਬਰ ਬਲਕਾਰ ਸਿੰਘ ਸਹੋਤਾ,ਕਾਮਰੇਡ ਵੀਰ ਸਿੰਘ ਕੰਮੇਆਣਾ , ਗੁਰਦੀਪ ਸਿੰਘ ਕੰਮੇਆਣਾ, ਜੇਤੀ ਪ੍ਰਕਾਸ਼, ਗੁਰਵਿੰਦਰ ਬਾਠ, ਰਾਮ ਪ੍ਰਸਾਦ, ਬੰਤ ਰਾਮ ਚੌਧਰੀ ਅਤੇ ਸੰਜੇ ਨਗਰ ਦੇ ਸਾਬਕਾ ਐਮ.ਸੀ ਪਰਮਜੀਤ ਪੱਪੂ ਆਦਿ ਹਾਜ਼ਰ ਸਨ।

# ਐਕਸਪ੍ਰੈਸ ਵੇਅ ਦੇ ਵਿਰੋਧ ਵਿੱਚ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕੀਤੀ ਭਰਵੀਂ ਸ਼ਮੂਲੀਅਤ

## ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਕਿਸਾਨਾਂ ਨਾਲ਼ ਧੱਕਾ ਕਰ ਰਹੀ ਹੈ -ਐਡਵੋਕੇਟ ਰਜਿੰਦਰ ਸਿੰਘ

**ਕਪੂਰਥਲਾ(ਕੌੜਾ )** -ਹਲਕਾ ਸੁਲਤਾਨਪੁਰ ਲੋਧੀ ਅੰਦਰ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਉਸਾਰੇ ਜਾ ਰਹੇ ਐਕਸਪ੍ਰੈਸ ਵੇਅ ਦੇ ਨਿਰਮਾਣ ਕਾਰਜ ਰੋਕ ਕੇ ਰੋਡ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਪ੍ਰਭਾਵਿਤ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਅਣਮਿੱਥੇ ਸਮੇਂ ਦੇ ਧਰਨੇ ਵਿੱਚ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਭਰਵੀਂ ਸ਼ਮੂਲੀਅਤ ਕਰਦਿਆਂ ਐਲਾਨ ਕੀਤਾ ਕਿ ਉਹ ਕਿਸਾਨਾਂ ਨਾਲ਼ ਧੱਕਾ ਨਹੀਂ ਹੋਣ ਦੇਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਮੋਰਚੇ ਦੇ ਆਗੂਆਂ ਨੇ ਮੋਦੀ ਸਰਕਾਰ ਅਤੇ ਨੈਸ਼ਨਲ ਹਾਈਵੇ ਅਥਾਰਟੀ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਇਸ਼ਾਰੇ ਤੇ ਦੇਸ਼ ਦੇ ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਅੱਖੋਂ ਪਰੋਖੇ ਕਰਕੇ ਸੱਤਾ ਚਲਾ ਰਹੀ ਹੈ ।ਇਸ ਮੌਕੇ ਧਰਨੇ ਤੇ ਡਟੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਸਯੁੰਕਤ ਕਿਸਾਨ ਮੋਰਚੇ ਦੇ ਕਨਵੀਨਰ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਕਿਹਾ ਕਿ ਮੋਦੀ ਸਰਕਾਰ ਲੋਕਤੰਤਰ ਦੀਆਂ ਧੱਜੀਆਂ ਉਡਾ ਕੇ ਲੋਕਾਂ ਦੇ ਸੰਵਿਧਾਨਕ ਹੱਕਾਂ ਦਾ ਘਾਣ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਉਪਜਾਊ ਜ਼ਮੀਨਾਂ ਦਾ ਯੋਗ ਮੁਆਵਜ਼ਾ ਦਿੱਤੇ ਬਿਨਾਂ ਅਤੇ ਬਿਨਾਂ ਭਰੋਸੇ ਦੇ ਲਿਆਂ ਕੇਂਦਰ ਸਰਕਾਰ ਨੇ ਧੱਕਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਨੈਸ਼ਨਲ ਹਾਈਵੇ ਅਥਾਰਟੀ ਨੇ ਪੰਜਾਬ ਦੇ ਕਿਸਾਨਾਂ ਨੂੰ ਦੂਜੇ ਸੂਬਿਆਂ ਦੇ ਮੁਕਾਬਲੇ ਮੁਆਵਜ਼ਾ ਦੇਣ ਸਮੇਂ ਵੀ ਧੱਕਾ ਕੀਤਾ ਹੈ। ਉਨ੍ਹਾਂ ਨੇ



ਕਿਹਾ ਕਿ ਉਪਜਾਊ ਜ਼ਮੀਨਾਂ ਨੂੰ ਐਕਵਾਇਰ ਕਰਨ ਦੀ ਬਜਾਏ ਪਹਿਲਾਂ ਹੀ ਮੌਜੂਦ ਵੱਡੀਆਂ ਸੜਕਾਂ ਦਾ ਵਿਸਥਾਰ ਕਰਨਾ ਚਾਹੀਦਾ ਸੀ। ਇਸ ਮੌਕੇ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਟਿੱਬਾ ਨੇ ਕਿਹਾ ਕਿ ਕੀਮਤੀ ਅਤੇ ਉਪਜਾਊ ਜ਼ਮੀਨਾਂ ਨੂੰ ਇੱਕ ਸਾਜ਼ਿਸ਼ ਤਹਿਤ ਐਕਵਾਇਰ ਕੀਤਾ ਗਿਆ ਹੈ। ਕਿਸਾਨਾਂ ਨੂੰ ਇਸ ਧੱਕੇ ਵਿਰੁੱਧ ਲਾਮਬੰਦ ਹੋਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਕਿਸਾਨਾਂ ਨੂੰ ਬਾਕੀ ਸੂਬਿਆਂ ਵਾਂਗ ਮੁਆਵਜ਼ਾ ਨਹੀਂ ਦੇਣਾ ਚਾਹੁੰਦੀ, ਜਿਸ ਕਰਕੇ ਹੀ ਉਨ੍ਹਾਂ ਵੱਲੋਂ ਆਰਬੀਟਰੇਸਨ ਟ੍ਰਿਬਿਊਨਲ ਦੇ ਫੈਸਲੇ ਨੂੰ ਚੈਲੰਜ ਕੀਤਾ ਗਿਆ ਹੈ। ਇਸ ਮੌਕੇ ਰੋਡ ਸੰਘਰਸ਼ ਕਮੇਟੀ ਦੇ ਪ੍ਰਧਾਨ ਪ੍ਰਭਦਿਆਲ ਸਿੰਘ ਜੋਸਨ ਨੇ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਲੜਾਈ ਨੂੰ ਲਗਾਤਾਰ ਜ਼ਾਰੀ ਰੱਖਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਆਪਣੇ ਵਾਅਦਿਆਂ ਤੋਂ ਮੁੱਕਰ ਗਈ ਹੈ ਜਿਸ ਕਰਕੇ ਹੀ ਕਮੇਟੀ ਵੱਲੋਂ ਅਣਮਿੱਥੇ ਸਮੇਂ ਦਾ ਧਰਨਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਤਾਰਨ ਤਾਰਨ ਤੋਂ ਪਹੁੰਚੇ ਰੋਡ ਸੰਘਰਸ਼ ਕਮੇਟੀ ਦੇ ਆਗੂ ਮਹਾਂਬੀਰ ਸਿੰਘ ਜੋਸਨ ਨੇ ਕਿਹਾ ਕਿ ਮਾਝੇ ਦੇ ਕਿਸਾਨਾਂ ਨੇ ਨੈਸ਼ਨਲ ਹਾਈਵੇ ਅਤੇ ਪ੍ਰਸ਼ਾਸਨ ਦਾ ਜ਼ੋਰਦਾਰ ਵਿਰੋਧ ਕਰਦਿਆਂ ਉੱਥੇ ਐਕਸਪ੍ਰੈਸ ਵੇਅ ਦੇ ਨਿਰਮਾਣ ਕਾਰਜ ਸ਼ੁਰੂ ਨਹੀਂ ਹੋਣ ਦਿੱਤੇ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਮਾਝੇ ਦੇ ਸਾਰੇ ਕਿਸਾਨ ਤੁਹ-ੜੇ ਨਾਲ ਚਟਾਨ ਵਾਂਗ ਖੜੇ ਹਨ। ਇਸ ਮੌਕੇ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਸੁਖਦੇਵ ਸਿੰਘ ਟਿੱਬਾ, ਕਸ਼ਮੀਰ ਸਿੰਘ ਮੱਖੂ ਸਟੇਟ ਕਮੇਟੀ ਮੈਂਬਰ, ਮਾਸਟਰ ਚਰਨ ਸਿੰਘ ਸਰਪ੍ਰਸਤ ਨੇ ਵੀ ਸੰਬੋਧਨ ਕੀਤਾ। ਅੱਜ ਦੇ ਧਰਨੇ ਵਿੱਚ ਹੈਬਤਪੁਰ, ਕਾਲੇਵਾਲ, ਮੀਰੇ, ਮਸੀਤਾਂ, ਟਿੱਬਾ ਆਦਿ ਪਿੰਡਾਂ ਦੇ ਕਿਸਾਨਾਂ ਨੇ ਭਰਵੀਂ ਹਾਜ਼ਰੀ ਦਿੱਤੀ। ਇਸ ਮੌਕੇ ਮਾਸਟਰ ਜਸਵਿੰਦਰ ਸਿੰਘ ਵਿੱਤ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਕਪੂਰਥਲਾ, ਜਸਵਿੰਦਰ ਸਿੰਘ ਬਈ, ਬਲਦੇਵ ਸਿੰਘ ਖਾਲਸਾ, ਕਰਨੈਲ ਸਿੰਘ, ਸੁਖਵਿੰਦਰ ਸਿੰਘ ਚੱਕ ਕੋਟਲਾ, ਫਕੀਰ ਮੁਹੰਮਦ ਇੰਪਲਾਈਜ ਪੈਨਸ਼ਨ ਐਸੋਸੀਏਸ਼ਨ ਪੀ.ਡਬਲਯੂ.ਡੀ, ਰਸ਼ਪਾਲ ਸਿੰਘ ਮਖੂ ਜ਼ਿਲ੍ਹਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਫਿਰੋਜ਼ਪੁਰ, ਸੁਖਵਿੰਦਰ ਸਿੰਘ , ਕੁਲਵਿੰਦਰ ਸਿੰਘ, ਰਣਜੀਤ ਸਿੰਘ ਰਾਣਾ ਟਾਇਲਾਂ ਵਾਲੇ, ਜਗਦੀਪ ਸਿੰਘ ਗਾਂਧਾ ਸਿੰਘ ਵਾਲਾ,ਭਜਨ ਸਿੰਘ ਬਾਜ਼,ਸੀਤਲ ਸਿੰਘ ਮੌਲੂ,ਆਪ ਆਗੂ ਅਮਰੀਕ ਸਿੰਘ ਜੱਫਾ ਆਦਿ ਹਾਜ਼ਰ ਸਨ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਉੱਤਰੀ ਭਾਰਤ ਦੇ ਸਭ ਤੋਂ ਜੀਵੰਤ ਅਤੇ ਸੱਭਿਆਚਾਰਕ ਤੌਰ 'ਤੇ ਅਮੀਰ ਸਰਦੀਆਂ ਦੇ ਤਿਉਹਾਰਾਂ ਵਿੱਚੋਂ ਇੱਕ ਲੋਹੜੀ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿਖੇ ਬਹੁਤ ਉਤਸ਼ਾਹ ਅਤੇ ਰਵਾਇਤੀ ਜੋਸ਼ ਨਾਲ ਮਨਾਇਆ ਗਿਆਕ। ਵਾਈਸ ਚਾਂਸਲਰ ਡਾ. ਏ. ਐਸ. ਚਾਵਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ

ਲੋਹੜੀ ਸਰਦੀਆਂ ਦੇ ਅੰਤ ਅਤੇ ਲੰਬੇ ਦਿਨਾਂ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ, ਜੋ ਨਿੱਘ, ਨਵੀਨੀਕਰਨ ਅਤੇ ਸ਼ੁਕਰਗੁਜ਼ਾਰੀ ਦਾ ਪ੍ਰਤੀਕ ਹੈ। ਇਹ ਰਵਾਇਤੀ ਤੌਰ 'ਤੇ ਮਕਰ ਸੰਕ੍ਰਾਂਤੀ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ, ਇਹ ਤਿਉਹਾਰ ਜੋ ਸੂਰਜ ਦੇ ਉੱਤਰ ਵੱਲ ਤਬਦੀਲੀ (ਉੱਤਰਾਯਣ) ਦਾ ਜਸ਼ਨ ਮਨਾਉਂਦਾ ਹੈ।

ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਭੰਗੜਾ ਅਤੇ ਗਿੱਧਾ ਵਰਗੇ ਰਵਾਇਤੀ ਨਾਚ ਪੇਸ਼ ਕੀਤੇ, ਅਤੇ ਤਿਲ , ਗੁੜ, ਮੂੰਗਫਲੀ,ਰੇੜ੍ਹੀਆਂ, ਗੱਚਕ, ਪੌਪਕੌਰਨ ਅਤੇ ਮਠਿਆਈਆਂ ਵਰਗੀਆਂ ਮੌਸਮੀ





ਉਪਜਾਂ ਨੂੰ ਲੋਹੜੀ ਦੀ ਪਵਿੱਤਰ ਅਗਨੀ ਵਿੱਚ ਭੇਂਟ ਕੀਤਾ।

"ਸਾਨੂੰ ਲੋਹੜੀ ਮਨਾਉਣ 'ਤੇ ਮਾਣ ਹੈ - ਇੱਕ ਅਜਿਹਾ ਤਿਉਹਾਰ ਜੋ ਪੀੜ੍ਹੀਆਂ ਤੋਂ ਲੋਕਾਂ ਨੂੰ ਸਾਡੀਆਂ ਪਰੰਪਰਾਵਾਂ, ਸਾਡੇ ਕਿਸਾਨਾਂ ਅਤੇ ਏਕਤਾ ਦੀ ਭਾਵਨਾ ਦਾ ਸਨਮਾਨ ਕਰਨ ਲਈ ਇਕੱਠਾ ਕਰਦਾ ਹੈ," ਸ਼੍ਰੀ ਐਨ ਐਸ ਰਿਆਤ ਚਾਂਸਲਰ ਨੇ ਕਿਹਾ, "ਜਿਵੇਂ ਹੀ ਅਸੀਂ ਲੋਹੜੀ ਦੀ ਅੱਗ ਬਾਲਦੇ ਹਾਂ, ਅਸੀਂ ਸਾਰਿਆਂ ਲਈ ਖੁਸ਼ਹਾਲੀ, ਸਦਭਾਵਨਾ ਅਤੇ ਤੰਦਰੁਸਤੀ ਲਈ ਆਪਣੀ ਉਮੀਦ ਨੂੰ ਨਵਿਆਉਂਦੇ ਹਾਂ।" ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।

# ਬਹੁਤ ਹੀ ਦੁਖਦਾਈ ਖ਼ਬਰ ਸਰਦਾਰ ਹਰਭਜਨ ਸਿੰਘ ਦੁੱਗਲ ਦਾ ਦਿਹਾਂਤ: ਪੰਜਾਬੀ ਲੋਕ ਗਾਇਕ ਵਰਿੰਦਰ ਦੁੱਗਲ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਪੰਜਾਬੀ ਲੋਕ ਗਾਇਕ ਵਰਿੰਦਰ ਦੁੱਗਲ ਤੇ ਟੁੱਟਿਆ ਦੁੱਖਾ ਦਾ ਪਹਾੜ। 1 ਮਹੀਨਾ 28 ਦਿਨ ਪਹਿਲਾ ਓਹਨਾ ਦੇ ਮਾਤਾ ਜੀ ਸਰਦਾਰਨੀ ਸੁਰਜੀਤ ਕੌਰ ਜੀ ਇਸ ਫ਼ਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਓਸ ਸਦਮੇ ਦੇ ਚਲਦਿਆ ਹੀ ਪੰਜਾਬੀ ਲੋਕ ਗਾਇਕ ਵਰਿੰਦਰ ਦੁੱਗਲ ਦੇ ਪਿਤਾ ਸਰਦਾਰ ਹਰਭਜਨ ਸਿੰਘ ਦੁੱਗਣ ਬਿਮਾਰ ਹੋਏ ਤੇ ਕਾਫੀ ਦਿਨ ਨਿੱਝੀ ਹਸਪਤਾਲ ਵਿਚ ਉਹਨਾਂ ਦਾ ਇਲਾਜ ਚੱਲਦਾ ਰਿਹਾ। ਆਖਿਰ ਜਾਕੇ 5 ਜਨਵਰੀ ਨੂੰ ਉਹ ਵੀ ਇਸ ਸੰਸਾਰ ਨੂੰ ਸਦੀਵੀ ਵਿਛੋੜਾ ਦੇਕੇ ਸਤਿਗੁਰੂ ਅਕਾਲ ਪੁਰਖ ਜੀ ਦੇ ਚਰਨਾ ਵਿੱਚ ਜਾ ਬਿਰਾਜੇ । ਪੰਜਾਬੀ ਲੋਕ ਗਾਇਕ ਵਰਿੰਦਰ ਦੁੱਗਲ ਹਰ ਇਕ ਦੇ ਦੁੱਖ ਸੁੱਖ ਦੇ ਸਮੇਂ ਤੇ ਹਰ ਕਿਸੇ ਨਾਲ ਮੋਢੇ ਨਾਲ ਮੋਢਾ ਲਾਕੇ ਖੜ੍ਹਦੇ ਰਹੇ ਹਨ । ਇਸ ਦੁੱਖ ਦੇ ਸਮੇਂ ਦੇ ਵਿਚ ਵੀ ਉਹਨਾਂ ਦਾ ਘਰ ਪਰਿਵਾਰ ਅਤੇ ਪਿੰਡ ਦੇ ਮੋਹਤਵਾਰ , ਪਤਵੰਤੇ ਅਤੇ ਰਾਜਨੀਤਿਕ ਆਗੂ ਜਿਹਨਾਂ ਦੇ ਵਿੱਚੋ ਮੌਜੂਦਾ ਐੱਮ ਐੱਲ ਏ ਸਰਦਾਰ ਪ੍ਰਗਟ ਸਿੰਘ ਜੀ ਤੇ ਹੋਰ ਵੀ ਰਾਜਨੀਤਿਕ ਆਗੂ ਜਿਹਨਾਂ ਵਿੱਚੋ ਯੁੱਧ ਨਸ਼ਿਆ ਵਿਰੁੱਧ ਸੀਨੀਅਰ ਆਗੂ ਬਚਿੱਤਰ ਸਿੰਘ ਕੁਲਾਰ, ਐੱਮ ਸੀ ਰਾਜੇਸ਼ ਭੱਟੀ ਪਿੰਡ ਧੀਣਾ ਆਮ ਆਦਮੀ ਪਾਰਟੀ ਤੋ,



ਪਿੰਡ ਜਮਸ਼ੇਰ ਖਾਸ ਦੇ ਸਰਪੰਚ ਸਾਹਿਬ ਬਿੱਟੂ ਸ਼ਾਹ ਅਤੇ ਪਿੰਡ ਦੀ ਨਗਰ ਪੰਚਾਇਤ ਵੀ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਏ । ਸਰਦਾਰ ਹਰਭਜਨ ਸਿੰਘ ਦੁੱਗਲ ਦੇ ਦੇਹਾਂਤ ਵੇਲੇ ਦੁੱਖ ਦਾ ਪ੍ਰਗਟਾਵਾ ਕੀਤਾ ਪੰਜਾਬ ਚੇਅਰਮੈਨ ਸੁਰਤਾਲ ਆਵਾਜ਼ ਵੈਲਫੇਅਰ ਸੋਸਾਇਟੀ ਪੰਜਾਬ ਤਰਸੇਮ ਜਲੰਧਰ ਜੀ। ਸਰਦਾਰ ਹਰਭਜਨ ਸਿੰਘ ਦੁੱਗਲ ਦੀ ਅੰਤਿਮ ਅਰਦਾਸ ਵਿੱਚ ਇਹ ਦੇਖਣ ਨੂੰ ਮਿਲਿਆ ਕਿ ਲੋਕ ਗਾਇਕ ਵਰਿੰਦਰ ਦੁੱਗਲ ਜਿਹਨਾਂ ਨਾਲ ਤਨ ਮਨ ਧਨ ਤੋ ਹਮੇਸ਼ਾ ਮੋਢੇ ਨਾਲ ਮੋਢੇ ਲਾਕੇ ਖੜ੍ਹੇ ਹੋਏ ਖ਼ਾਸ ਕਰ ਕੋਰੋਨਾ ਸਮੇਂ ਦੇ ਵਿੱਚ ਚਾਹੇ ਉਹ ਗਾਇਕ , ਗਾਇਕਾ, ਗੀਤਕਾਰ, ਸੰਗੀਤਕਾਰ, ਐਂਕਰ, ਸਾਜੀ ਹੋਣ ਉਹਨਾਂ ਕੋਲੋ ਕੋਈ ਦੋ ਸ਼ਬਦ ਦੇ ਵਿੱਚ ਦੁੱਖ ਦਾ ਪ੍ਰਗਟਾਵਾ ਵੀ ਨਹੀ ਕਰ ਹੋਇਆ ਪਰੰਤੂ ਜਿਹੜੇ ਵਰਿੰਦਰ ਦੁੱਗਲ ਜੀ ਨਾਲ ਦਿਲੋ ਜੁੜੇ ਹੋਏ ਐਂਕਰ ਅਸ਼ੋਕ ਭੱਟੀ ਜੀ , ਆਸ਼ੂ ਸਿੰਘ, ਕੁਮਾਰ ਆਨੰਦ, ਅਮਰੀਕ ਮਾਈਕਲ, ਦਲਵਿੰਦਰ ਦਿਆਲਪੁਰੀ ਤੇ ਹੋਰ ਗਾਇਕਾ ਨੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ ਤੇ ਹਮੇਸ਼ਾ ਨਾਲ ਖੜ੍ਹੇ ਹੋਣ ਦਾ ਦਾਅਵਾ ਕੀਤਾ । ਇਸਦੀ ਜਾਣਕਾਰੀ ਦਿੱਤੀ ਗਈ ਪੰਜਾਬੀ ਗਾਇਕ ਅਮਰੀਕ ਮਾਈਕਲ ਵਲੋਂ ।

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਨਾਰੀ ਚੇਤਨਾ ਨੂੰ ਸਮਰਪਿਤ 'ਸਪਤ ਸ਼ਕਤੀ ਸੰਗਮ' ਦਾ ਦੂਸਰਾ ਸਮਾਗਮ ਹੋਇਆ ਸੰਪੰਨ

**ਭੀਖੀ ( ਕਮਲ ਜਿੰਦਲ)** ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਨਾਰੀ ਚੇਤਨਾ ਨੂੰ ਸਮਰਪਿਤ ਸਮਾਗਮ 'ਸਪਤ ਸ਼ਕਤੀ ਸੰਗਮ' ਸੰਪੂਰਨ ਹੋਇਆ। ਜ਼ਿਕਰਯੋਗ ਹੈ ਕਿ ਵਿੱਦਿਆ ਭਾਰਤੀ ਅਖਿਲ ਭਾਰਤੀ ਸਿੱਖਿਆ ਸੰਸਥਾਨ ਦੁਆਰਾ ਪੂਰੇ ਭਾਰਤ ਵਿੱਚ 'ਸਪਤ ਸ਼ਕਤੀ ਸੰਗਮ' ਪ੍ਰੋਗਰਾਮ ਕਰਵਾਉਣ ਦਾ ਟੀਚਾ ਮਿੱਥਿਆ ਗਿਆ ਜਿਸਦਾ ਦਾ ਮੁੱਖ ਉਦੇਸ਼ ਨਾਰੀ ਸ਼ਕਤੀ, ਨਾਰੀ ਅਸੀਮਤਾ ਅਤੇ ਸਮਾਜ ਵਿੱਚ ਔਰਤ ਦੇ ਯੋਗਦਾਨ ਨੂੰ ਪ੍ਰਗਟ ਕਰਨਾ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾਕਟਰ ਗਗਨਦੀਪ ਪਰਾਸ਼ਰ ਨੇ ਕਿਹਾ ਕਿ ਇਸ ਪ੍ਰੋਗਰਾਮ ਵਿੱਚ 100 ਦੇ ਕਰੀਬ ਮਾਤਾਵਾਂ-ਭੈਣਾਂ ਨੇ ਵੱਧ- ਚੜ੍ਹ ਕੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਸ਼੍ਰੀਮਤੀ ਯੋਗਿਤਾ ਜੋਸ਼ੀ ( ਲੈਕਚਰਾਰ ਅੰਗਰੇਜ਼ੀ ਅਤੇ ਮਨੋਵਿਗਿਆਨ), ਸ਼੍ਰੀਮਤੀ ਅਮਨਦੀਪ ਕੌਰ ਗਤੀਵਿਧੀ ਇੰਚਾਰਜ ਸ਼੍ਰ.ਚੇਤਨ ਸਿੰਘ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਨੇ ਮੁੱਖ ਵਕਤਾ ਵਜੋਂ, ਸ਼੍ਰੀਮਤੀ ਅੰਜੂ ਭੀਖੀ , ਸ਼੍ਰੀਮਤੀ ਸੁਖਪਾਲ ਕੌਰ ਬੀਰੋਕੇ (ਆਰਗੈਨਿਕ ਫੂਡ ਉਤਪਾਦਕ ) ਨੇ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੀ ਸ਼ੁਰੂਆਤ 'ਨਵਯੁਗ ਦਾ ਨਵ ਵਿਚਾਰ ਆਇਆ' ਗੀਤ ਨਾਲ ਕੀਤੀ ਗਈ ਅਤੇ ਇਸਦੇ ਨਾਲ ਹੀ ਮੁੱਖ ਮਹਿਮਾਨ ਅਤੇ ਮੁੱਖ ਵਕਤਾ ਦੁਆਰਾ ਦੀਪ ਜਗਾ ਕੇ ਇਸ ਪ੍ਰੋਗਰਾਮ ਨੂੰ ਅੱਗੇ ਤੋਰਿਆ ਗਿਆ । ਇਸ ਦੌਰਾਨ ਸਮੂਹ ਮਾਤਾਵਾਂ ਨੂੰ ਸੰਬੋਧਨ ਕਰਦਿਆਂ ਦੀਦੀ ਅਮਨਦੀਪ ਕੌਰ ਜੀ ਨੇ 'ਕੁਟੰਬ ਪ੍ਰਬੋਧਨ ਅਤੇ ਵਾਤਾਵਰਨ ਦੇ ਸੰਬੰਧ ਵਿੱਚ ਭਾਰਤੀ ਦ੍ਰਿਸ਼ਟੀ 'ਵਿਸ਼ੇ ਨਾਲ ਸਾਰਿਆਂ ਦਾ ਮਾਰਗਦਰਸ਼ਨ ਕੀਤਾ ਗਿਆ। ਉਨ੍ਹਾਂ ਬੜੇ ਹੀ ਕੀਮਤੀ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਨਾਰੀ ਦੇ ਸੰਦਰਭ ਵਿੱਚ ਸਹਿਣਸ਼ੀਲਤਾ,ਹੀ ਇੱਕ ਅਜਿਹਾ ਗੁਣ ਹੈ, ਜਿਸ ਨਾਲ ਅਸੀਂ ਆਪਣੇ ਆਲੇ - ਦੁਆਲੇ ਦੇ ਮਾਹੌਲ ਨੂੰ ਸੁਖਾਵਾਂ ਬਣਾ ਸਕਦੇ ਹਾਂ। ਉਨ੍ਹਾਂ ਸਮਾਜ ਦੀ ਵਿਗੜੀ ਹੋਈ ਹਾਲਤ ਨੂੰ ਸੰਵਾਰਨਾ, ਸੰਸਕਾਰ, ਪਰਿਵਾਰਾਂ ਦੇ ਨਕਸ਼-ਮੁਹਾਰ ਨੂੰ



ਬਦਲਣਾ, ਨਿੱਤਨੇਮ ਦੀ ਆਦਤ ਪਾਉਣਾ ਆਦਿ ਸਰੋਕਾਰਾਂ ਬਾਰੇ ਗੱਲਬਾਤ ਕੀਤੀ । ਇਸ ਮੌਕੇ ਦੀਦੀ ਯੋਗਿਤਾ ਜੋਸ਼ੀ ਜੀ ਦੁਆਰਾ ਭਾਰਤੀ ਇਤਿਹਾਸ ਦੇ ਪ੍ਰਸੰਗ ਵਿੱਚੋਂ ਪ੍ਰੇਰਨਾਦਾਇਕ ਪ੍ਰਸੰਗ ਸੁਣਾ ਕੇ ਨਾਰੀ ਦੀ ਸ਼ਕਤੀ ਨੂੰ ਉਭਾਰਨ ਅਤੇ ਨਾਰੀ ਦੇ ਸਹਿਯੋਗ ਨੂੰ ਪ੍ਰਗਟਾਉਣ ਦੇ ਸੰਬੰਧ ਵਿਚ ਜਾਗਰੂਕ ਸ਼ਕਤੀ, ਸਾਹਸ ਸ਼ਕਤੀ, ਸਿਰਜਨਾਤਮਕ ਸ਼ਕਤੀ, ਸਿੱਖਿਆ ਸ਼ਕਤੀ, ਨੇਤ੍ਰਿਤਵ ਸ਼ਕਤੀ, ਸੁਰੱਖਿਆ ਸ਼ਕਤੀ, ਆਤਮ ਨਿਰਭਰਤਾ ਸ਼ਕਤੀ ਨੂੰ ਕੇਂਦਰ ਬਿੰਦੂ ਬਣਾਇਆ ਗਿਆ। ਇਸ ਦੌਰਾਨ ਉਹਨਾਂ ਵੱਲੋਂ ਨਾਰੀ ਜਾਗਰੂਕਤਾ, ਭਾਵਨਾਤਮਕ ਬੁੱਧੀ, ਸਿੱਖਿਆ ਨੀਤੀ , ਆਤਮ ਨਿਰਭਰਤਾ ਤੇ ਸਮਾਜਿਕ ਸੁਰੱਖਿਆ, ਇਸਤਰੀ ਦੇ ਅਸਤਿੱਤਵ, ਪਰਿਵਾਰਕ ਮੁੱਲ, ਅਧਿਆਤਮਿਕ ਮੁੱਲਾਂ ਅਤੇ ਸਮਾਜਿਕ ਸਰੋਕਾਰਾਂ ਤੇ ਵਿਸ਼ੇਸ਼ ਤੌਰ ਤੇ ਰੋਸ਼ਨੀ ਪਾਈ। ਲੜਨਾ ਤਾਕਤ ਨਹੀਂ, ਬੁੱਧੀ ਵਿਵੇਕ ਨਾਲ ਹਰ ਸਮੱਸਿਆ ਦਾ ਹੱਲ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸਮੂਹ ਮਾਤਾਵਾਂ, ਭੈਣਾਂ ਵੱਲੋਂ ਇਹ ਸੰਕਲਪ ਲਿਆ ਗਿਆ ਕਿ ਉਹ ਭਾਰਤੀ ਸੰਸਕ੍ਰਿਤੀ ਦੇ ਪ੍ਰਤੀ ਮਾਣ ਦਾ ਭਾਵ ਰੱਖਣਗੇ ਅਤੇ ਸਹਿਣਸ਼ੀਲਤਾ ਦੇ ਨਾਲ ਘਰ ਚਲਾਉਣਾ, ਵਾਤਾਵਰਨ ਸੰਭਾਲ ਜੀਵਨ ਸ਼ੈਲੀ ਅਪਣਾਉਣੀ ਅਤੇ ਆਪਣੇ ਕਰਤੱਬਾਂ ਦੀ ਪਾਲਣਾ ਕਰਨਗੇ । ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਵੱਲੋਂ 'ਸਪਤ ਸ਼ਕਤੀ ਸੰਗਮ' ਤਹਿਤ ਪਹੁੰਚੀਆਂ ਸਤਿਕਾਰਤ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੱਕ ਨਾਰੀ ਕਿਸੇ ਵੀ ਸੀਮਾ ਤੱਕ ਆਪਣੇ ਘਰ - ਪਰਿਵਾਰ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾ ਸਕਦੀ ਹੈ। ਸਾਡੇ ਦੇਸ਼ ਦੀਆਂ ਮਹਾਨ ਨਾਰੀਆਂ ਦੇ ਯੋਗਦਾਨ ਨੇ ਹੀ ਸਾਡਾ ਸਮਾਜ ਦਾ ਸਿਰ ਉੱਚਾ ਕੀਤਾ ਹੈ। ਆਪਣੇ ਜੀਵਨ ਵਿੱਚ ਸਫ਼ਲ ਕਾਰਜ ਸ਼ੈਲੀ ਲਈ ਮੁੱਖ ਮਹਿਮਾਨ ਸ਼੍ਰੀਮਤੀ ਅੰਜੂ ਭੀਖੀ , ਸ਼੍ਰੀਮਤੀ ਸੁਖਪਾਲ ਕੌਰ ਬੀਰੋਕੇ , ਮੁੱਖ ਵਕਤਾ ਅਤੇ ਕਈ ਹੋਰ ਮਾਤਾਵਾਂ ਨੂੰ ਸਨਮਾਨਿਤ ਕੀਤਾ ਗਿਆ।

# ਖੰਨਾਂ ਪੁਲਿਸ ਹੈਡਕੁਆਰਟਰ ਵਿਚ ਲੋਹੜੀ ਮੌਕੇ ਵੱਜਿਆ ਢੋਲ




**ਮਾਛੀਵਾੜਾ ਸਾਹਿਬ/ਬਲਬੀਰ ਸਿੰਘ**

ਬੱਬੀ ਲੋਹੜੀ ਖੁਸ਼ੀਆਂ ਦਾ ਤਿਉਹਾਰ ਹੈ ਇਸ ਦਿਨ ਸਭ ਪਾਸੇ ਢੋਲ ਢਮੱਕਿਆਂ ਦੇ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ ਅੱਗ ਬਾਲ ਕੇ ਮੱਥਾ ਟੇਕਿਆ ਜਾਂਦਾ ਹੈ ਢੋਲ ਢਮੱਕਿਆਂ ਦੇ ਨਾਲ ਲੋਹੜੀ ਦੇ ਗੀਤ ਗਾਏ ਜਾਂਦੇ ਹਨ।



ਪੁਲਿਸ ਜਿਲਾ ਹੈਡ ਕੁਆਟਰ ਖੰਨਾ ਦੇ ਪ੍ਰਮੁੱਖ ਐਸ ਐਸ ਪੀ ਦਫ਼ਤਰ ਦੇ ਵਿਹੜੇ ਦੇ ਵਿੱਚ ਖੰਨਾਂ ਪੁਲਸ ਦਫ਼ਤਰ ਦੇ ਮੁਲਾਜ਼ਮਾਂ ਨੇ ਲੋਹੜੀ ਮਨਾਈ। ਸ਼ਾਮ ਵੇਲੇ ਅੱਗ ਦੀ ਧੂਣੀ ਬਾਲੀ ਵੱਡੇ ਛੋਟੇ ਇਕੱਤਰ ਹੋਏ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਨੇ ਇੱਕ ਦੂਜੇ ਨੂੰ ਲੋਹੜੀ ਦੀਆਂ ਵਧਾਈਆਂ ਦਿੱਤੀਆਂ ਜਦੋਂ ਫਿਰ ਵੱਜਿਆ ਢੋਲ ਤਾਂ ਸਾਰੇ ਪੁਲਿਸ ਵਾਲੇ ਆ ਗਏ ਕੋਲ ਕੋਲ, ਢੋਲ ਦੀ ਥਾਪ ਉੱਤੇ ਲੇਡੀਜ਼ ਪੁਲਸ ਅਫਸਰਾਂ ਪੁਲੀਸ ਅਧਿਕਾਰੀਆਂ ਤੋਂ ਲੈ ਕੇ ਸਭ ਨੇ ਹੀ ਇਕੱਤਰ ਹੋ ਕੇ ਲੋਹੜੀ ਦੀ ਖੁਸ਼ੀ ਮਨਾਈ। ਲੇਡੀ ਪੁਲਿਸ ਅਫਸਰਾਂ ਨੇ ਗਿੱਧਾ ਰੂਪੀ ਗੇੜੇ ਵੀ ਦਿੱਤੇ ਬਾਕੀ ਨੌਜਵਾਨਾਂ ਤੇ ਹੋਰਾਂ ਨੇ ਢੋਲ ਉੱਤੇ ਗੀਤ ਦਾ ਕੇ ਜਿੱਥੇ ਉਹਨਾਂ ਨੇ ਭੰਗੜੇ ਪਾਏ ਉਥੇ ਖੁਸ਼ੀਆਂ ਸਾਂਝੀਆਂ ਕੀਤੀਆਂ।

# ਤਰਕਸ਼ੀਲ ਸੁਸਾਇਟੀ 16 ਜਨਵਰੀ ਦੇ ਜ਼ਿਲਾ ਪੱਧਰੀ ਧਰਨਿਆਂ ਵਿੱਚ ਕਰੇਗੀ ਭਰਵੀਂ ਸ਼ਮੂਲੀਅਤ : ਭਦੌੜ

**● ਅਮਰੀਕਾ ਵੱਲੋਂ ਵੈਨਜ਼ੂਏਲਾ 'ਤੇ ਹਮਲੇ ਅਤੇ ਰਾਸ਼ਟਰਪਤੀ ਨੂੰ ਅਗਵਾ ਕਰਨ ਦੀ ਤਾਨਾਸ਼ਾਹੀ ਕਾਰਵਾਈ ਦਾ ਕੀਤਾ ਸਖ਼ਤ ਵਿਰੋਧ ● ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਅਤੇ ਫ਼ਿਰਕੂ ਰਾਜਨੀਤੀ ਵਿਰੁੱਧ ਫ਼ੈਸਲਾਕੁਨ ਅੰਦੋਲਨ ਦੀ ਲੋੜ**

**ਬਰਨਾਲਾ।** 13 ਜਨਵਰੀ 2026) ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬਿਜਲੀ ਸੋਧ ਬਿੱਲ,ਬੀਜ ਸੋਧ ਬਿੱਲ,ਕਿਰਤ ਕਾਨੂੰਨ ਨੂੰ ਰੱਦ ਕਰਵਾਉਣ ਅਤੇ ਮਨਰੇਗਾ ਐਕਟ ਦੇ ਪੁਰਾਣੇ ਸਰੂਪ ਦੀ ਬਹਾਲੀ ਲਈ 16 ਜਨਵਰੀ ਨੂੰ ਦਿੱਤੇ ਜਾ ਰਹੇ ਜ਼ਿਲਾ ਪੱਧਰੀ ਧਰਨਿਆਂ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸਦੇ ਨਾਲ ਹੀ ਸੁਸਾਇਟੀ ਨੇ ਅਮਰੀਕਾ ਵੱਲੋਂ ਵੈਨਜ਼ੂਏਲਾ ਉਤੇ ਕੀਤੇ ਫਾਸ਼ੀ ਹਮਲੇ ਅਤੇ ਰਾਸ਼ਟਰਪਤੀ ਤੇ ਉਸਦੀ ਪਤਨੀ ਨੂੰ ਅਗਵਾ ਕਰਕੇ ਅਮਰੀਕਾ ਲਿਜਾਣ ਦੀ ਤਾਨਾਸ਼ਾਹੀ ਕਾਰਵਾਈ ਨੂੰ ਸਾਮਰਾਜੀ ਜਬਰ ਦੀ ਇੰਤਹਾ ਕਰਾਰ ਦਿੰਦਿਆਂ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਰਾਜਪਾਲ ਬਠਿੰਡਾ,ਜਸਵੰਤ ਮੁਹਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਮੋਦੀ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਗਠਨ ਅਤੇ ਸਾਮਰਾਜੀ ਦੇਸ਼ਾਂ ਦੇ ਦਬਾਅ ਹੇਠ ਬਿਜਲੀ ਸੋਧ ਬਿੱਲ, ਬੀਜ ਸੋਧ ਬਿੱਲ, ਕਿਰਤ ਕਾਨੂੰਨ ਅਤੇ ਮਨਰੇਗਾ ਸੋਧ ਵਰਗੇ ਕਿਸਾਨ - ਮਜ਼ਦੂਰ - ਮੁਲਾਜ਼ਮ- ਆਮ ਲੋਕ ਵਿਰੋਧੀ ਬਸਤੀਵਾਦੀ ਕਾਲੇ ਕਾਨੂੰਨਾਂ ਅਤੇ ਕਾਰਪੋਰੇਟ ਪੱਖੀ ਨੀਤੀਆਂ ਰਾਹੀਂ ਦੇਸ਼ ਵਿੱਚ ਜਨਤਕ ਖੇਤਰ ਨੂੰ ਖਤਮ ਕੀਤਾ ਜਾ ਰਿਹਾ ਹੈ ਜਿਸਦੇ ਨਤੀਜੇ ਵਜੋਂ ਵੱਧ ਰਹੀ ਅੱਤ ਦੀ ਮਹਿੰਗਾਈ, ਬੇਰੁਜ਼ਗਾਰੀ,ਭੁੱਖਮਰੀ, ਗਰੀਬੀ, ਫ਼ਿਰਕੂ ਹਿੰਸਾ, ਕਾਰਪੋਰੇਟ ਲੁੱਟ,ਦਹਿਸ਼ਤ ਅਤੇ ਅਣਐਲਾਨੀ ਐਮਰਜੈਂਸੀ ਨੇ ਆਮ ਜਨਤਾ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਇਸਦੇ ਵਿਰੋਧ ਵਿੱਚ ਪੰਜਾਬ ਸਮੇਤ ਪੂਰੇ ਦੇਸ਼ ਅੰਦਰ ਇਤਿਹਾਸਕ ਕਿਸਾਨ ਅੰਦੋਲਨ ਦੀ ਤਰਜ਼ ਤੇ ਵਿਸ਼ਾਲ ਜਨਤਕ ਰੋਹ ਉੱਠ ਰਿਹਾ ਹੈ।

ਇਸ ਮੌਕੇ ਸੂਬਾ ਕਮੇਟੀ ਆਗੂਆਂ ਸੁਰਜੀਤ ਟਿੱਬਾ,ਜੁਝਾਰ ਲੌਂਗੋਵਾਲ, ਕੁਲਜੀਤ ਡੰਗਰਖੇੜਾ ਅਤੇ ਮੋਹਨ ਬਡਲਾ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਆਮ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹਲ ਕਰਨ ਅਤੇ ਲੋਕਾਂ ਦੇ ਸੰਵਿਧਾਨਿਕ ਹੱਕਾਂ ਦੀ ਰਾਖੀ ਕਰਨ ਦੀ ਬਜਾਏ ਦੇਸ਼ ਵਿੱਚ ਆਦਿਵਾਸੀਆਂ, ਔਰਤਾਂ, ਦਲਿਤਾਂ, ਪਿਛੜੇ ਵਰਗਾਂ, ਘੱਟ ਗਿਣਤੀਆਂ ਵਿਰੁੱਧ ਫ਼ਿਰਕੂ ਨਫ਼ਰਤ ,ਹਜੂਮੀਂ ਹਿੰਸਾ ਅਤੇ ਅੰਧ ਰਾਸ਼ਟਰਵਾਦ ਫੈਲਾ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਸਾਜਿਸ਼ਾਂ ਕਰ ਰਹੀ ਹੈ ਜਿਨ੍ਹਾਂ ਨੂੰ ਕਿਸੇ ਵੀ ਕੀਮਤ ਉਤੇ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ।

ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਸਾਮਰਾਜ ਪੱਖੀ ਸਰਕਾਰਾਂ ਤੇ ਸਿਆਸੀ ਪਾਰਟੀਆਂ ਤੇ ਟੇਕ ਰੱਖਣ ਦੀ ਥਾਂ ਆਪਣੇ ਬੁਨਿਆਦੀ ਜਮਹੂਰੀ ਹੱਕਾਂ ਦੀ ਰਾਖੀ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਬਦਲਣ ਲਈ ਇਤਿਹਾਸਕ ਕਿਸਾਨ ਅੰਦੋਲਨ ਵਰਗੇ ਲੋਕ ਪੱਖੀ ਅਤੇ ਸਾਂਝੇ ਜੱਥੇਬੰਦਕ ਸੰਘਰਸ਼ਾਂ ਦੇ ਪਿੜ ਉਸਾਰਨ ਉਤੇ ਜ਼ੋਰ ਦਿੰਦਿਆਂ 16 ਜਨਵਰੀ ਦੇ ਧਰਨਿਆਂ ਵਿੱਚ ਵੱਡੇ ਪੱਧਰ ਤੇ ਸ਼ਾਮਿਲ ਹੋਣ ਦੀ ਅਪੀਲ ਕੀਤੀ।

**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਡਾ. ਸੰਤੋਖ ਸਿੰਘ ਟਿਵਾਣਾ ਯਾਦਗਾਰੀ ਟਰੱਸਟ ਵੱਲੋਂ ਆਯੋਜਿਤ ਪੁਸਤਕ ਮੇਲਾ ਸਫ਼ਲਤਾ ਪੂਰਵਕ ਸੰਪੰਨ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਡਾ.ਸੰਤੋਖ ਸਿੰਘ ਟਿਵਾਣਾ ਯਾਦਗਾਰੀ ਟਰੱਸਟ, ਲਸੋਈ (ਮਾਲੇਰਕੋਟਲਾ) ਵੱਲੋਂ ਆਯੋਜਿਤ ਕੀਤਾ ਗਿਆ ਤੀਸਰਾ ਦੋ ਰੋਜ਼ਾ ਪੁਸਤਕ ਮੇਲਾ ਬੜੀ ਸਫ਼ਲਤਾ ਨਾਲ ਸੰਪੰਨ ਹੋਇਆ। ਇਸ ਮੇਲੇ ਵਿੱਚ ਪਾਠਕਾਂ, ਲੇਖਕਾਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਵੱਲੋਂ ਵੱਡੀ ਗਿਣਤੀ ਵਿੱਚ ਭਾਗ ਲਿਆ ਗਿਆ। ਇਹ ਮੇਲਾ ਸਾਹਿਤ, ਪੜ੍ਹਨ ਸੰਸਕ੍ਰਿਤੀ ਅਤੇ ਬੌਧਿਕ ਚਰਚਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਮੰਚ ਬਣਿਆ।ਮੇਲੇ ਵਿੱਚ ਪੰਜਾਬੀ ਸਾਹਿਤ, ਕਵਿਤਾ, ਕਹਾਣੀ, ਇਤਿਹਾਸ, ਸਿੱਖਿਆ, ਧਰਮ ਅਤੇ ਆਧੁਨਿਕ ਵਿਚਾਰਧਾਰਾ ਨਾਲ ਸੰਬੰਧਿਤ ਕਿਤਾਬਾਂ ਦੀ ਵਿਸ਼ਾਲ ਪ੍ਰਦਰਸ਼ਨੀ ਲਗਾਈਂ ਗਈ।ਵੱਖ-ਵੱਖ ਪ੍ਰਕਾਸ਼ਕਾਂ ਅਤੇ ਪੁਸਤਕ ਵਿਕਰੇਤਾਵਾਂ ਨੇ ਆਪਣੇ ਸਟਾਲ ਲਗਾਏ। ਕਿਤਾਬ ਮੇਲੇ ਦੌਰਾਨ ਸਾਹਿਤਕ ਚਰਚਾਵਾਂ, ਕਵੀ ਦਰਬਾਰ, ਪੁਸਤਕਾਂ ਦਾ ਲੋਕ-ਅਰਪਣ ਅਤੇ ਪਾਠਕਾਂ-ਲੇਖਕਾਂ ਦਰਮਿਆਨ ਰੁਬਰੂ ਵਰਗੇ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਨ੍ਹਾਂ ਨੇ




ਮੇਲੇ ਦੇ ਵਾਤਾਵਰਣ ਨੂੰ ਹੋਰ ਵੀ ਲਾਹੇਵੰਦ ਬਣਾਇਆ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਨੇ ਇਹ ਸਾਬਤ ਕੀਤਾ ਕਿ ਡਿਜ਼ੀਟਲ ਯੁੱਗ ਦੇ ਬਾਵਜੂਦ ਕਿਤਾਬਾਂ ਪ੍ਰਤੀ ਰੁਚੀ ਅਜੇ ਵੀ ਕਾਇਮ ਹੈ।ਇਸ ਮੌਕੇ ਟਰੱਸਟ ਦੇ ਮੈਂਬਰਾਂ ਨੇ ਕਿਹਾ ਕਿ ਇਹ ਮੇਲਾ ਡਾ. ਸੰਤੋਖ ਸਿੰਘ ਟਿਵਾਣਾ ਦੀ ਸਾਹਿਤਕ ਵਿਰਾਸਤ ਨੂੰ ਸਤਿਕਾਰ ਦੇਣ ਅਤੇ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਵਿਚਾਰਸ਼ੀਲਤਾ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ। ਮਹਿਮਾਨਾਂ ਨੇ ਕਿਤਾਬਾਂ ਦੀਆਂ ਵਾਜਬ ਕੀਮਤਾਂ ਅਤੇ ਸੁਚੱਜੇ ਪ੍ਰਬੰਧਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਪ੍ਰਸਿੱਧ ਲੇਖਕਾਂ, ਅਕਾਦਮਿਕ ਵਿਦਵਾਨਾਂ ਅਤੇ ਸਮਾਜ ਸੇਵੀਆਂ ਨੇ ਟਰੱਸਟ ਵੱਲੋਂ ਸਮਾਜ ਵਿੱਚ ਸਾਹਿਤਕ ਅਤੇ ਸੱਭਿਆਚਾਰਕ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਕਿਤਾਬ ਮੇਲੇ ਦੇ ਸਫ਼ਲ ਆਯੋਜਨ ਨਾਲ ਮਾਲੇਰਕੋਟਲਾ ਇੱਕ ਵਾਰ ਫਿਰ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਣ ਕੇ ਉਭਰਿਆ।ਅੰਤ ਵਿੱਚ ਟਰੱਸਟ ਨੇ ਸਾਰੇ ਪ੍ਰਕਾਸ਼ਕਾਂ, ਲੇਖਕਾਂ, ਪ੍ਰਬੰਧਕਾਂ ਅਤੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਅਰਥ ਭਰਪੂਰ ਸਾਹਿਤਕ ਪ੍ਰੋਗਰਾਮ ਆਯੋਜਿਤ ਕਰਨ ਦਾ ਭਰੋਸਾ ਦਿੱਤਾ।

# ਘਰਾਂ 'ਚ ਮਨਾਈ ਜਾਣ ਵਾਲੇ ਲੋਹੜੀ ਹੁਣ ਪੈਲਸਾਂ ਵਿੱਚ ਮਨਾ ਰਹੇ ਲੋਕ

**● ਗੁੜ ਰਿਉੜੀਆਂ ਤੇ ਮੂੰਗਫਲੀ ਦੀ ਜਗਾ ਬ੍ਰੈਡ ਪਕੌੜੇ ਤੇ ਫਰੂਟ ਚਾਟ ਨੇ ਲਈ ● ਲੋਹੜੀ ਹੁਣ ਸਾਂਝੀ ਨਹੀ ਬਲਿਕ ਸਾਡੀ ਬਣ ਕੇ ਰਹਿ ਗਈ**





**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )-** ਪੰਜਾਬੀਆਂ ਦਾ ਪ੍ਰਸਿੱਧ ਤਿਉਹਾਰ ਲੋਹੜੀ ਜੋ ਕਦੇ ਪਿੰਡਾਂ ਦੇ ਸੱਥਾਂ ਦੀ ਸ਼ਾਨ ਹੁੰਦਾ ਸੀ ਅੱਜ ਉਹ ਤਿਉਹਾਰ ਦੀ ਥਾਂ ਵੱਡੇ ਪੈਲਸਾਂ ਨੇ ਲੈ ਲਈ । ਪਹਿਲਾਂ ਇਹ ਤਿਉਹਾਰ ਲੋਕ ਇਕੱਠੇ ਹੋ ਕੇ ਆਪਣੇ ਸਕੇ ਸਬੰਧੀਆਂ ਤੇ ਰਿਸ਼ਤੇਦਾਰਾਂ ਨਾਲ ਘਰ ਵਿੱਚ ਜਾ ਸਾਂਝੀ ਜਗ੍ਹਾ ਤੇ ਮਨਾਉਂਦੇ ਸਨ । ਇਹ ਤਿਉਹਾਰ ਪਿੰਡ ਵਾਸੀਆਂ ਦੇ ਇਕੱਠ ਦਾ ਪ੍ਰਤੀਕ ਮੰਨਿਆਂ ਜਾਂਦਾ ਸੀ । ਜਿਥੇ ਸਾਰੇ ਇਕੱਠੇ ਹੋ ਕੇ ਆਪਣੇ ਘਰਾ ਤੋਂ ਪਾਥੀਆਂ ਅਤੇ ਲੱਕੜਾਂ ਲਿਆ ਕੇ ਇਕ ਜਗ੍ਹਾ ਤੇ ਅੱਗ ਬਾਲਦੇ ਸਨ ਜਿਸ ਘਰ ਵਿੱਚ ਮੁੰਡਾ ਜਨਮ ਲੈਂਦਾ ਜਾ ਵਿਆਹ ਹੁੰਦਾ ਉਸ ਪਰਿਵਾਰ ਵਲੋਂ ਅੱਗ ਸੇਕ ਰਹੇ ਲੋਕਾਂ ਨੂੰ ਤਿਲ , ਗੁੜ, ਮੂੰਗਫਲੀ ,ਰੇਵੜੀਆਂ ਵੰਡੀਆਂ ਜਾਦੀਆਂ ਸੀ । ਕਈ ਲੋਕ ਉਸ ਘਰ ਜਾ ਕੇ ਵਧਾਈਆਂ ਦਿੰਦੇ ਤੇ ਆਪਣਾ ਹਿੱਸਾ ਲੈ ਕੇ ਆਉਂਦੇ । ਇਹ ਖੁਸ਼ੀ ਆਪਸੀ ਸਾਂਝ ਦੀ ਪ੍ਰਤੀਕ ਸੀ । ਇਸ ਸਾਂਝ ਵਿਚ ਖਰਚਾ ਘੱਟ ਤੇ ਇਕੱਠ ਸਭ ਤੋਂ ਜ਼ਿਆਦਾ ਹੁੰਦਾ ਸੀ ।

ਪਿਛਲੇਂ ਕੁੱਝ ਸਮੇਂ ਤੋਂ ਬਦਲਦੇ ਦੌਰ ਨੇ ਬਹੁਤ ਕੁੱਝ ਬਦਲ ਕੇ ਰੱਖ ਦਿੱਤਾ । ਜੋ ਲੋਹੜੀ ਘਰਾਂ ਵਿੱਚ ਮਨਾਈ ਜਾਦੀ ਸੀ ਅੱਜ ਉਹ ਲੋਹੜੀ ਵੱਡੇ ਪੈਲਸਾਂ ਤੇ ਹੋਟਲਾਂ ਵਿਚ ਮਨਾਈ ਜਾਣ ਲੱਗੀ । ਲੋਕ ਵਲੋਂ ਵੱਡੇ ਪੈਲਸਾਂ ਵਿਚ ਲੱਖਾਂ ਰੁਪਏ ਖਰਚ ਕਰਕੇ ਲੋਹੜੀ ਮਨਾਉਣ ਨੂੰ ਤਰਜੀਹ ਦਿੱਤੀ ਜਾਣ ਲੱਗੀ । ਲੋਹੜੀ ਦਾ ਫੰਕਸ਼ਨ ਕਰਨ ਲਈ ਲੋਕ ਹੋਟਲ ਮਾਲਿਕ ਨੂੰ ਆਰਡਰ ਬੁੱਕ ਕਰਵਾ ਰਹੇ ਹਨ । ਦੇਖਣ ਵਿਚ ਇਹ ਵੀ ਆਉਂਦਾ ਹੈ ਕਿ ਕਈ ਲੋਕਾਂ ਕੋਲ ਜਗ੍ਹਾ ਦੀ ਕਮੀ ਹੋਣ ਕਰਕੇ ਲੋਕ ਪੈਲਸਾਂ ਵਿੱਚ ਲੋਹੜੀ ਮਨਾਉਣਾ ਹੀ ਮੁਨਾਸਿਫ ਸਮਝ ਰਹੇ ਹਨ । ਪਹਿਲਾਂ ਲੋਕ ਢੋਲ ਦੇ ਥਾਪ ਤੇ ਗੀਤ ਗਾਉਂਦੇ ਸਨ ਅਤੇ ਅੱਜ ਕੱਲ ਇਨਾ ਦੀ ਥਾਂ ਡੀਜੇ ਨੇ ਲੈ ਲਈ । ਪੁਰਾਣੇ ਸਮੇਂ ਵਿੱਚ ਗੁੜ , ਤਿਲ ਤੇ ਮੂੰਗਫਲੀ, ਲੱਡੂਆ ਦੀ ਬੂੰਦੀ ਘਰ ਘਰ ਵੰਡੀ ਜਾਂਦੀ ਸੀ । ਅੱਜ ਲੋਕ ਪਕੌੜੇ,ਬਰੈਡ ਫਰੂਟ ਚਾਟ ਅਤੇ ਹੋਰ ਸੁਆਦੀ ਪਦਾਰਥਾਂ ਨੂੰ ਪਰੋਸਣ ਲੱਗੇ ਹਨ । ਹੁਣ ਲੋਹੜੀ ਸਾਂਝੀ ਨਹੀ ਬਲਿਕ ਖੁਦ ਦੀ ਬਣ ਕੇ ਰਹਿ ਗਈ ਹੈ ।

# ਗੋਲਫ ਮੈਦਾਨ ’ਚ ਤੇਜ਼ ਰਫ਼ਤਾਰ ਵਾਹਨ ਥੱਲੇ ਆਉਣ ਨਾਲ ਮਹਿਲਾ ਦੀ ਮੌਤ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)** ਇੰਗਲੈਂਡ ਦੇ ਬਰਮਿੰਘਮ ਸ਼ਹਿਰ ਦੇ ਇਲਾਕੇ ਸੱਟਨ ਵਿੱਚ ਸਥਿਤ ਐਸਟਨ ਵੁੱਡ ਗੋਲਫ ਮੈਦਾਨ ’ਚ ਵਾਪਰੀ ਦਰਦਨਾਕ ਘਟਨਾ ਨੇ ਪੂਰੇ ਇਲਾਕੇ ਨੂੰ ਸਦਮੇ ’ਚ ਪਾ ਦਿੱਤਾ। ਪੁਲਿਸ ਤੋਂ ਬਚਣ ਲਈ ਵਾਹਨ ਦੌੜਾ ਰਹੇ ਇੱਕ ਵਿਅਕਤੀ ਦੀ ਲਗਭਗ 12 ਮਿੰਟ ਤੱਕ ਚੱਲੀ ਪਿੱਛੇਬਾਜ਼ੀ ਅੰਤ ਵਿੱਚ ਹਾਦਸੇ ’ਚ ਬਦਲ ਗਈ, ਜਿਸ ਵਿੱਚ 62 ਸਾਲਾ ਮਹਿਲਾ ਸੁਜ਼ੈਨ ਚੈਰੀ ਦੀ ਜਾਨ ਚਲੀ ਗਈ। ਜਾਣਕਾਰੀ ਅਨੁਸਾਰ ਇਹ ਗੋਲਫ ਮੈਦਾਨ ਆਮ ਤੌਰ ’ਤੇ ਬਹੁਤ ਸ਼ਾਂਤ ਮੰਨਿਆ ਜਾਂਦਾ ਹੈ, ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਖੇਡਣ ਅਤੇ ਸੈਰ ਲਈ ਆਉਂਦੇ ਹਨ। ਘਟਨਾ ਵੇਲੇ ਵੀ ਕਈ ਖਿਡਾਰੀ ਮੌਜੂਦ ਸਨ। ਸੁਜ਼ੈਨ ਚੈਰੀ ਆਪਣੇ ਪਤੀ ਨਾਲ ਗੋਲਫ ਖੇਡ ਰਹੀ ਸੀ ਕਿ ਅਚਾਨਕ ਤੇਜ਼ ਰਫ਼ਤਾਰ ਨਾਲ ਆਉਂਦੇ ਵਾਹਨ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ।ਪੁਲਿਸ ਮੁਤਾਬਕ ਦੋਸ਼ੀ ਕਾਨੂੰਨ ਤੋਂ ਬਚਣ ਲਈ ਵਾਹਨ ਦੌੜਾਉਂਦਾ ਹੋਇਆ ਗੋਲਫ ਮੈਦਾਨ ਦੇ ਅੰਦਰ ਦਾਖ਼ਲ ਹੋ ਗਿਆ। ਮੈਦਾਨ ਵਿੱਚ ਮੌਜੂਦ ਲੋਕਾਂ ਨੂੰ ਸੰਭਲਣ ਦਾ ਮੌਕਾ ਵੀ ਨਾ ਮਿਲਿਆ ਅਤੇ ਵਾਹਨ ਸਿੱਧਾ ਮਹਿਲਾ ਨਾਲ ਟਕਰਾ ਗਿਆ। ਟੱਕਰ ਇਨੀ ਭਿਆਨਕ ਸੀ ਕਿ ਮਹਿਲਾ ਨੇ ਮੌਕੇ ’ਤੇ ਹੀ ਦਮ ਤੋੜ ਦਿੱਤਾ। ਪੁਲਿਸ ਨੇ ਸਾਫ਼ ਕੀਤਾ ਹੈ ਕਿ ਇਸ ਘਟਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਗੋਲੀ ਨਹੀਂ ਚਲਾਈ ਗਈ। ਮਹਿਲਾ ਦੀ ਮੌਤ ਸਿਰਫ਼ ਅਤੇ ਸਿਰਫ਼ ਵਾਹਨ ਦੀ ਟੱਕਰ ਕਾਰਨ ਹੋਈ ਹੈ। ਮ੍ਰਿਤਕ ਮਹਿਲਾ ਦਾ ਦੋਸ਼ੀ ਨਾਲ ਕੋਈ ਨਿੱਜੀ ਵੈਰ ਜਾਂ ਲੈਣ-ਦੇਣ ਨਹੀਂ ਸੀ ਅਤੇ ਇਹ ਹਾਦਸਾ ਅਚਾਨਕ ਵਾਪਰਿਆ। ਘਟਨਾ ਤੋਂ ਬਾਅਦ ਗੋਲਫ ਮੈਦਾਨ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਘੇਰ ਲਿਆ ਗਿਆ। ਮੌਕੇ ’ਤੇ ਮੌਜੂਦ ਲੋਕਾਂ ’ਚ ਡਰ ਅਤੇ ਸੋਗ ਦਾ ਮਾਹੌਲ ਬਣ ਗਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਇਲਾਕਾ ਸਦਾ ਹੀ ਸੁਖ-ਚੈਨ ਵਾਲਾ ਰਿਹਾ ਹੈ ਪਰ ਇਸ ਹਾਦਸੇ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਦੋਸ਼ੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

for more news visit:
www.samajweekly.com

# ਮਾਘ ਮਹੀਨੇ ਦੀ ਸੰਗਰਾਂਦ



ਪੋਹ ਵਿੱਚ ਰਿੰਨ੍ਹੀਂ ਮਾਘ 'ਚ ਖਾਧੀ ,
ਖ਼ੂਬ ਲੋਹੜੀ ਦੇ ਜਸ਼ਨ ਮਨਾਏ ।
ਮੁਕਤਸਰ ਦੀ ਧਰਤੀ 'ਤੇ ਜਾ ਕੇ ,
ਸ਼ਰਧਾ ਦੇ ਫੁੱਲ ਭੇਂਟ ਚੜ੍ਹਾਏ ।
ਦਿਨ ਥੋੜ੍ਹੇ 'ਜੇ ਖੜ੍ਹਨ ਲੱਗਣਗੇ ,
ਠੰਢ ਵੀ ਥੋੜ੍ਹੀ ਘਟਣ ਲੱਗੂਗੀ ;
ਮੁੜ ਕੇ ਗੱਡੀ ਚੜ੍ਹੂ ਲਾਈਨ 'ਤੇ ,
ਸੰਭਲ਼ਣਗੇ ਦੋ ਪੱਤ ਕੁਮਲਾਏ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

## ਧੀ ਦੀ ਲੋਹੜੀ

ਸਾਨੂੰ ਪਾ ਨੀ ਮਾਈ ਲੋਹੜੀ।
ਤੇਰੀ ਧੀ ਚੜੇ ਤਰੱਕੀਆਂ ਦੀ ਪੌੜੀ।
ਬਾਬੇ ਨਾਨਕ ਨੇ ਜਿੱਤੀ ਵੱਡਿਆਈ।
ਧੀ ਜੰਮੇ ਤਾਂ ਵੰਡੋ ਮਠਿਆਈ।
ਘਰ- ਘਰ ਪਾਉ ਧੀ ਦੀ ਲੋਹੜੀ।
ਮੀਰਾਂ ਵਾਂਗੂੰ ਉਹ ਭਗਤ ਨਹੀਂ ਬਣਜੇ।
ਝਾਂਸੀ ਦੀ ਰਾਣੀ ਵਾਂਗੂੰ ਉਹ ਗਰਜੇ ।
ਨਾਮ ਜਪ ਚੜੇ ਸੱਚ ਖੰਡ ਦੀ ਪੌੜੀ।
ਸਾਨੂੰ ਪਾ ਨੀ ਮਾਈ ਲੋਹੜੀ-----
---------------
ਮਾਤਾ ਗੁਜਰੀ ਤੋਂ ਲੈ ਕੇ ਸਿੱਖਿਆ।
ਧਰਮ ਦੀ ਇਹਨੇ ਕਰਨੀ ਰੱਖਿਆ।
ਮਾਈ ਭਾਗੋ ਵਾਂਗੂ ਜੰਗ ਵਿੱਚ ਤੋਰੀ।
ਸਾਨੂੰ ਪਾ ਨੀ ਮਾਏ ਲੋਹੜੀ------------
ਕਲਪਨਾ ਵਾਂਗ ਲਾਏ ਅੰਬਰਾਂ ਚੋਂ ਉਡਾਰੀ।
ਕਿਰਨ ਬੇਦੀ ਵਾਂਗ ਪਏ ਜ਼ੁਲਮ 'ਤੇ ਭਾਰੀ।
ਇਹਦੇ ਜੀਵੇਂ ਭਰਾਵਾਂ ਦੀ ਜੋੜੀ।
ਸਾਨੂੰ ਪਾ ਨੀ ਮਾਈ ਲੋਹੜੀ --------------
ਰਾਜਨੀਤੀ ਤੇ ਖੇਡਾਂ ਵਿੱਚ ਨਾਮ ਚਮਕਾਵੇ।
ਸਾਈਕਲ ਤੋਂ ਲੈ ਕੇ ਜਹਾਜ਼ ਤੱਕ ਇਹ ਚਲਾਵੇ।
'ਭੱਪਰ' ਦੇਵੇ 'ਗੋਲਡੀ' ਨੂੰ ਪਿਆਰ ਦੀ ਲੋਰੀ
ਸਾਨੂੰ ਪਾ ਨੀ ਮਾਈ ਲੋਹੜੀ---------------
ਸ਼ੁਭ ਚਿੰਤਕ ਪਾਠਕ।



ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।
ਪਿੰਡ ਅਤੇ ਡਾਕਖਾਨਾ ਝਬੇਲਵਾਲੀ।
ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ।
6284145349

## ਮਾਘੀ

ਆਓ ਜੁਝਾਰੂ ਸਿੰਘੋਂ ਮਾਘੀ ਦੀ ਸਾਂਝ ਪਾਈਏ

ਮਾਈ ਭਾਗੋ ਜੀ ਦੀ ਤੁਹਾਨੂੰ ਗੱਲ ਸੁਣਾਈਏ।

ਨਿੱਤ ਦੀਆਂ ਜੰਗਾਂ ਤੋਂ ਸਿੰਘ ਡਾਹਢੇ ਤੰਗ ਸੀ ਆਏ

ਭੁੱਖੇ ਨਾ ਲੜ ਹੁੰਦਾ ਮਹਾ ਸਿੰਘ ਕਹਿ ਗੱਲ ਮੁਕਾਏ ॥

ਭਾਈ ਮਹਾ ਸਿੰਘ ਨੇ ਬੇਦਾਵਾ ਗੁਰੂ ਸਾਹਿਬ ਨੂੰ ਫੜ੍ਹਾਇਆ

ਸਣੇ ਸਾਥੀਆਂ ਸ੍ਰੀ ਆਨੰਦਪੁਰ ਸਾਹਿਬ ਤੋਂ ਪੰਧ ਮੁਕਾਇਆ।

ਘਰ ਅੱਪੜੇ ਜਦ ਮਾਈ ਭਾਗੋ ਜੀ ਨੇ ਜ਼ਮੀਰ ਝੰਜੋੜਿਆ

ਮਾਈ ਜੀ ਦੀ ਵੰਗਾਰ ਨੇ ਸਿੰਘਾਂ ਨੂੰ ਮੁੜ ਰਣ ਮੋੜਿਆਂ॥

ਸਿੰਘਾਂ ਨੇ ਮੁੜ ਖਿਦਰਾਣੇ ਦੀ ਢਾਬ ਮੋਰਚੇ ਜਾ ਸੀ ਗੱਡੇ

ਮੁਗ਼ਲ ਵੈਰੀਆਂ ਦਾ ਕਾਲ ਬਣ ਮੌਤ ਰੂਪੀ ਤੋਹਫੇ ਵੰਡੇ।

ਅੰਤ ਨੂੰ ਸਿੰਘਾਂ ਨੇ ਵਿੱਚ ਰਣ ਮੈਦਾਨੇ ਸ਼ਹਾਦਤ ਸੀ ਪਾਈ

ਇਤਿਹਾਸ ਵਿੱਚ ਇਬਾਰਤ ਰੱਤ ਆਪਣੇ ਨਾਲ ਖੁਣਵਾਈ॥

ਦਸਮ ਪਾਤਸ਼ਾਹ ਨੇ ਪਾੜ ਬੇਦਾਵਾ ਸੀ ਮੁਕਤ ਕਰਾਇਆ

ਮੁਕਤਿਆਂ ਦੀ ਕੁਰਬਾਨੀ ਤੋਂ ਸ੍ਰੀ ਮੁਕਤਸਰ ਸਾਹਿਬ ਅਖਵਾਇਆ॥




ਡਾ.ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

## "ਧੀਆਂ"

ਧੀਆਂ ਦੇ ਹੱਕਾਂ ਦੀ ਗੱਲ ਨੂੰ,
ਆਪਾਂ,ਮਿਲਕੇ ਅੱਗੇ ਵਧਾਈਏ ਚੱਲ,
ਪੁੱਤਰਾਂ ਵਾਂਗੂ ਇਹਨਾਂ ਦੇ ਆਪਾਂ,
ਰਲਕੇ ਸ਼ਗਨ ਮਨਾਈਏ ਚੱਲ,
ਪੁੱਤਰ ਹੋਣ ਤੇ ਵੰਡੀਏ ਲੱਡੂ,
ਆ ਇਨਾਂ ਦਾ ਸ਼ਗਨ ਮਨਾਈ ਚੱਲ
ਪੜ੍ਹ ਲਿਖਕੇ ਇਹ ਅਫ਼ਸਰ ਲੱਗਣ,
ਇਹਨਾਂ ਤੋਂ ਬਾਰੇ ਜਾਈਏ ਚੱਲ,
ਦਰਦ ਵੰਡਾਵਣ,ਨਾ ਕੁਝ ਮੰਗਣ,
ਗੱਲ ਅਕਲ ਵਿੱਚ ਪਾਈਏ ਚੱਲ,
ਜਨਮ ਤੋਂ ਪਹਿਲਾਂ ਮਾਰੀਏ ਕਾਹਤੋਂ,
ਇਨਾਂ ਨੂੰ ਜੱਗ ਵੇਖਾਈਏ ਚੱਲ,
ਉੱਚਾ ਨੀਵਾਂ ਨਾ ਕੁਝ ਕਰ ਦੇਣ,
ਗਲੋਂ ਇਹ ਫਾਹਾ, ਲਾਈਏ ਚੱਲ,
ਪੁੱਤਰਾਂ ਵਾਂਗੂੰ ਹਰ ਲੋਹੜੀ ਤੇ,
ਗੀਤ ਇਹਨਾਂ ਦੇ ਗਾਈਏ ਚੱਲ,
ਆਖਰ ਇਹਨਾਂ ਨੇ ਦੁੱਖ ਸੁੱਖ ਵੰਡਣੇ,
ਸਭਨਾਂ ਨੂੰ ਸਮਝਾਈਏ ਚੱਲ,
ਧੀ ਪੁੱਤਾਂ ਵਿੱਚ ਫ਼ਰਕ ਨਾ ਰੱਖੀਏ,
ਆ, ਕਾਣੀ ਵੰਡ ਮੁਕਾਈਏ ਚੱਲ,
ਪੁੱਤਰਾਂ ਵਾਂਗੂ ਪਾਲ ਪੋਸ ਕੇ, ਸਭ,
ਚੰਗੀਆਂ ਖ਼ੂਬ ਪੜ੍ਹਾਈਏ ਚੱਲ,
ਆ, ਬਾਬੇ ਨਾਨਕ ਵਾਂਗੂ ਆਪਾਂ,
ਇਹਨਾਂ ਨੂੰ ਵਡਿਆਈਏ ਚੱਲ,
ਸੰਦੀਪ ਧੀਆਂ ਦਾ ਰੁਤਬਾ ਕੀ ਏ,
ਇਹ ਦੁਨੀਆਂ ਨੂੰ ਸਮਝਾਈਏ ਚੱਲ,
ਪੁੱਤਰਾਂ ਵਾਂਗੂ ਲਾਡ ਲਡਾਈਏ,
ਇਹਨਾਂ ਨੂੰ ਜੱਗ ਵਿਖਾਈਏ ਚੱਲ,



ਸੰਦੀਪ ਸਿੰਘ 'ਬਖੋਪੀਰ'
ਸੰਪਰਕ:-9815321017



# ਫ੍ਰੀਡਮ ਫਾਈਟਰ ਉੱਤਰਾਧਿਕਾਰੀ ਸੰਸਥਾ ਨੇ ਐਸਡੀਐਮ ਰਾਏਕੋਟ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ


**ਰਾਏਕੋਟ, ( ਗੁਰਭਿੰਦਰ ਗੁਰੀ )** : ਫ੍ਰੀਡਮ ਫਾਈਟਰ ਅਤੇ ਉੱਤਰਾਧਿਕਾਰੀ ਸੰਸਥਾ ਰਜਿ ਦੀ ਤਹਿਸੀਲ ਇਕਾਈ ਦੀ ਮੀਟਿੰਗ ਪ੍ਰਧਾਨ ਅਵਤਾਰ ਸਿੰਘ ਬੁਰਜ ਲਿੱਟਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਜੱਥੇਬੰਦੀ ਵੱਲੋਂ ਉਲੀਕੇ ਪ੍ਰੋਗਰਾਮ ਅਧੀਨ ਐਸਡੀਐਮ ਰਾਏਕੋਟ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਅਵਤਾਰ ਸਿੰਘ ਬੁਰਜ ਲਿੱਟਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਫ੍ਰੀਡਮ ਫਾਈਟਰ ਅਤੇ ਉੱਤਰਾਧਿਕਾਰੀ ਸੰਸਥਾ ਨੂੰ ਮੀਟਿੰਗ ਦੀ ਤਰੀਕ ਦੇਣ ਤੋਂ ਬਾਅਦ ਸਮਾਂ ਨਾ ਦੇਣ ਕਾਰਨ ਉਨ੍ਹਾਂ ਵਿੱਚ ਰੋਸ ਦੀ ਲਹਿਰ ਹੈ, ਕਿਉਂਕਿ ਫ੍ਰੀਡਮ ਫਾਈਟਰ ਅਤੇ ਉੱਤਰਾਧਿਕਾਰੀ ਇਸ ਗੱਲ ਨੂੰ ਆਪਣਾ ਅਪਮਾਨ ਸਮਝਦੇ ਹਨ। ਇਸੇ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਵੱਲੋਂ 15 ਜਨਵਰੀ ਤੋਂ 26 ਜਨਵਰੀ ਤੱਕ ਸਰਕਾਰ ਦੀ ਇਸ ਬੇਰੁੱਖੀ ਖਿਲਾਫ ਸੁਨਾਮ ਵਿਖੇ ਸ਼ਾਂਤਮਈ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਭਗਵੰਤ ਮਾਨ ਨੇ ਫ੍ਰੀਡਮ ਫਾਈਟਰ ਅਤੇ ਉੱਤਰਾਧਿਕਾਰੀ ਸੰਸਥਾ ਨੂੰ 26 ਜਨਵਰੀ ਤੱਕ ਸਮਾਂ ਦੇ ਕੇ ਮੀਟਿੰਗ ਨਾ ਕੀਤੀ ਤਾਂ ਉਨ੍ਹਾਂ ਵੱਲੋਂ ਗਣਤੰਤਰ ਦਿਵਸ ਸਮਾਗਮਾਂ ਵਿੱਚ ਹਿੱਸਾ ਤਾਂ ਲਿਆ ਜਾਵੇਗਾ, ਪਰ ਸਨਮਾਨ ਨਹੀਂ ਲਿਆ ਜਾਵੇਗਾ। ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਐਸਡੀਐਮ ਰਾਏਕੋਟ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੇਰੀ ਮਿੱਟੀ ਮੇਰਾ ਦੇਸ਼ ਪ੍ਰੋਗਰਾਮ ਅਧੀਨ ਤਹਿਸੀਲ ਰਾਏਕੋਟ ਵਿੱਚ ਫ੍ਰੀਡਮ ਫਾਈਟਰਾਂ ਦੇ ਨਾਮ ਤੇ ਸਾਂਝੀਆਂ ਥਾਵਾਂ ਤੇ ਸਕੂਲਾਂ ਵਿੱਚ ਪੱਥਰ ਲਗਾਏ ਜਾਣ, ਸਿਵਲ ਹਸਪਤਾਲ ਰਾਏਕੋਟ ਦਾ ਨਾਮ ਫ੍ਰੀਡਮ ਫਾਈਟਰਾਂ ਦੇ ਨਾਮ ਤੇ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਆਪਣੀ ਅਗਲੀ ਰਣਨੀਤੀ ਤਿਆਰ ਕਰਨਗੇ ਅਤੇ ਸੰਘਰਸ਼ ਦੇ ਰਾਹ ਚੱਲਣ ਲਈ ਮਜਬੂਰ ਹੋਣਗੇ। ਇਸ ਮੌਕੇ ਅਮਰਜੀਤ ਸਿੰਘ ਨੰਬਰਦਾਰ, ਗੁਰਵਿੰਦਰ ਸਿੰਘ, ਗੋਬਿੰਦਰ ਸਿੰਘ ਬੱਸੀਆਂ, ਮੁਖਤਿਆਰ ਸਿੰਘ, ਗੁਰਮੁੱਖ ਸਿੰਘ ਮਹੇਰਨਾ, ਮੇਜਰ ਸਿੰਘ ਜੰਡ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।




# ਕੜਾਕੇ ਦੀ ਠੰਡ ਅਤੇ ਸੰਘਣੀ ਧੁੰਦ ਨਾਲ ਜਨ ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ

## ●ਬਾਜਾਰਾਂ ਵਿਚ ਸੁੰਨਸਾਨ ,ਲੋਕ ਵੀ ਠੰਡ ਨਾਲ ਕੰਬੇ ●ਪੂਰਾ ਦਿਨ ਨਹੀਂ ਹੋਏ ਸੂਰਜ ਦੇਵਤਾ ਦੇ ਦਰਸ਼ਨ

**ਕਾਠਗੜ੍ਹ (ਹਰਸਿਮਰਨ ਜੋਤ ਸਿੰਘ ਕਲੇਰ )** ਪੂਰੇ ਇਲਾਕੇ ਨਵੇਂ ਸਾਲ ਤੋਂ ਪੈ ਰਹੀ ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਦੀ ਲਪੇਟ ਵਿੱਚ ਹੈ । ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਤਾਪਮਾਨ ਲਗਾਤਾਰ ਡਿੱਗ ਰਿਹਾ ਹੈ । ਜਿਸ ਨਾਲ ਲੋਕਾਂ ਨੂੰ ਰੋਜ਼ਾਨਾ ਜੀਵਨ ਚੁਣੌਤੀ ਪੂਰਨ ਹੋ ਗਿਆ ਹੈ । ਇਸ ਠੰਡੀ ਲਹਿਰ ਨਾ ਸਿਰਫ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕੀਤਾ ਬਲਕਿ ਆਰਥਿਕ ਗਤੀਵਿਧੀਆਂ , ਖਾਸ ਕਰਕੇ ਬਜ਼ਾਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਵੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ । ਬੁੱਧਵਾਰ ਸਾਰਾ ਦਿਨ ਕੰਬਣੀ ਵਾਲੀ ਠੰਢ ਲਗਾਤਾਰ ਜਾਰੀ ਰਹੀ । ਪਹਿਲੀ ਵਾਰ ਘੱਟੋਂ ਘੱਟ ਤਾਪਮਾਨ 8 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ । ਵੱਧ ਤੋਂ ਵੱਧ ਤਾਪਮਾਨ 15 ਡਿਗਰੀ ਸੈਲਸੀਅਸ ਰਿਹਾ । ਜਿਸ ਨਾਲ ਦਿਨ ਭਰ ਠੰਢ ਬਣੀ ਰਹੀ । ਵਿਭਾਗ ਨੇ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਚਿੰਤਾਜਨਕ ਰਹਿਣ ਦੀ ਭਵਿੱਖਬਾਣੀ ਜਾਰੀ ਕੀਤੀ ਹੈ । ਜਿਸ ਅਨੁਸਾਰ ਵੱਧ ਤੋਂ ਵੱਧ ਤਾਪਮਾਨ 12 ਡਿਗਰੀ ਸੈਲਸੀਅਸ ਦੇ ਆਸ ਪਾਸ ਹੋਰ ਡਿੱਗ ਸਕਦਾ ਹੈ । ਘੱਟੋਂ ਘੱਟ ਤਾਪਮਾਨ 5-6 ਡਿਗਰੀ ਸੈਲਸੀਅਸ ਦੇ ਆਸ ਪਾਸ ਰਹਿਣ ਦੀ ਉਮੀਦ ਹੈ । ਉੱਤਰ ਪੱਛਮੀ ਹਵਾਵਾਂ ਦੇ ਵਹਾਅ ਕਾਰਨ ਰਾਤ ਦਾ ਤਾਪਮਾਨ ਹੋਰ ਡਿੱਗ ਸਕਦਾ ਹੈ । ਇਹ ਸਥਿਤੀ ਅਗਲੇ 48 ਘੰਟਿਆ ਤੱਕ ਬਣੀ ਰਹਿ ਸਕਦੀ ਹੈ । ਸੰਘਣੀ ਧੁੰਦ ਵਧਾ ਰਹੀ ਮੁਸ਼ਕਲਾ, ਆਵਾਜਾਈ ਪ੍ਰਭਾਵਿਤ - ਠੰਡ ਦੇ ਨਾਲ ਨਾਲ ਲਗਾਤਾਰ ਸੰਘਣੀ ਧੁੰਦ ਵੀ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕਰ ਰਹੀ ਹੈ । ਆਵਾਜਾਈ ਬੁਰੀ ਤਰਾ ਨਾਲ ਪ੍ਰਭਾਵਿਤ ਰਹੀ ਹੈ । ਸਵੇਰ ਵਿਜਿਬਲਿਟੀ ਲਗਭਗ ਜ਼ੀਰੋ ਤੱਕ ਘੱਟ ਗਈ । ਪਿਛਲੇ ਕੁਝ ਦਿਨਾਂ ਵਿਚ ਧੁੰਦ ਕਾਰਨ ਕਈ ਹਾਦਸੇ ਵਾਪਰੇ ਹਨ । ਪੁਲਿਸ ਪ੍ਰਸ਼ਾਸ਼ਨ ਤੇ ਨਾਗਰਿਕਾਂ ਨੂੰ ਸਾਵਧਾਨੀ ਵਰਤਣ ਤੇ ਗੈਰ ਜ਼ਰੂਰੀ ਯਾਤਰਾ ਤੋਂ ਬੱਚਣ ਦੀ ਅਪੀਲ ਕੀਤੀ ਹੈ । ਠੰਡ ਤੇ ਧੁੰਦ ਦਾ ਸ਼ਹਿਰ ਦੇ ਬਾਜ਼ਾਰਾਂ ਤੇ ਕਾਰੋਬਾਰਾਂ ਤੇ ਡੂੰਘਾ ਅਸਰ ਪਿਆ ਹੈ । ਆਮ ਤੌਰ ਤੇ ਭੀੜ ਭੜੱਕੇ ਵਾਲੇ ਬਾਜ਼ਾਰ ਇਨ੍ਹਾਂ ਦਿਨਾਂ ਵਿਚ ਸੁੰਨਸਾਨ ਹਨ । ਦੁਕਾਨਦਾਰ ਦਾ ਕਹਿਣਾ ਹੈ ਕਿ ਗ੍ਰਾਹਕਾ ਵਿੱਚ 30 ਫੀਸਦੀ ਤੱਕ ਕਮੀ ਆਈ ਹੈ । ਖਾਸ ਕਰਕੇ ਸ਼ਾਮ ਨੂੰ ਜਦੋਂ ਠੰਡ ਜਿਆਦਾ ਹੁੰਦੀ ਹੈ ਬਜ਼ਾਰ ਪੂਰੀ ਤਰ੍ਹਾਂ ਨਾਲ ਸੁੰਨਸਾਨ ਹੋ ਜਾਦੇ ਹਨ । ਫਲ ਤੇ ਸਬਜੀਆਂ ਵੇਚਣ ਵਾਲੇ ਰਾਧੇ ਤੇ ਕ੍ਰਿਸ਼ਨਾ ਨੇ ਕਿਹਾ ਕਿ ਠੰਢ ਕਾਰਨ ਕਾਰੋਬਾਰ ਪ੍ਰਭਾਵਿਤ ਹੋ ਰਿਹਾ ਹੈ । ਠੰਢ ਵਿੱਚ ਤਾਜ਼ੀਆ ਸਬਜੀਆਂ ਵੀ ਜਲਦੀ ਖਰਾਬ ਹੋ ਜਾਦੀਆ ਹਨ । ਨੁਕਸਾਨ ਹੋ ਰਿਹਾ ਹੈ । ਇਸ ਤਰ੍ਹਾਂ ਕੱਪੜਾ ਵਪਾਰੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਦੀਆ ਦੇ ਕੱਪੜੇ ਵੇਚਣ ਦੀ ਉਮੀਦ ਸੀ । ਪਰ ਲੋਕ ਆਪਣੇ ਘਰਾਂ ਤੋਂ ਬਾਹਰ ਨਹੀ ਨਿਕਲ ਰਹੇ ਵਿਕਰੀ ਤੇ ਭਾਰੀ ਅਸਰ ਪੈ ਰਿਹਾ ਹੈ ।







**ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

# ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮਦਿਨ ਤੇ ਜਨ ਕਲਿਆਣ ਦਿਵਸ ਸਮਾਂਰੋਹ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਸੱਦਾ

**ਫਤਿਹਗੜ੍ਹ ਸਾਹਿਬ (ਚਰਨਜੀਤ ਸੱਲ੍ਹਾਂ )** ਪੰਜਾਬ ਚ ਸੰਭਾਲੋ ਮਹਿਮ ਚਾਹ ਤੇ ਚਰਚਾ ਖੰਨਾ ਵਿਖੇ ਪਾਰਟੀ ਦੇ ਜਨਰਲ ਸੈਕਟਰੀ ਸਰਦਾਰ ਬਲਜੀਤ ਸਿੰਘ ਸਲਾਣਾ ਜੀ ਦੇ ਘਰੇ ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਠੇਕੇਦਾਰ ਹਰਭਜਨ ਸਿੰਘ ਬਜਹੇੜੀ, ਸਟੇਟ ਜਨਰਲ ਸੈਕਟਰੀ ਕੁਲਵੰਤ ਸਿੰਘ ਮਹਿਤੋ,ਸਟੇਟ ਸੈਕਟਰੀ ਗੁਰਮੀਤ ਸਿੰਘ ਚੌਬਦਾਰਾਂ,ਦਿਲਬਾਗ ਲੱਖਾਂ Bhatitan ਤੋਂ ਇਲਾਵਾ ਹੋਰ ਬਸਪਾ ਸਮਰਥਕ ਵੀ ਮੌਜੂਦ ਸਨ ਮੀਟਿੰਗ ਵਿੱਚ ਕਰਨਾ ਸ਼ਹਿਰ ਵਿੱਚ ਹੋਣ ਵਾਲੇ ਮਿਸਪਲ ਕਮੇਟੀ ਇਲੈਕਸ਼ਨ ਦੀਆਂ ਤਿਆਰੀਆਂ ਲਈ ਡਿਊਟੀਆ ਸੌਂਪੀਆਂ ਗਈਆਂ 15 ਜਨਵਰੀ ਨੂੰ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮਦਿਨ ਤੇ ਜਨ ਕਲਿਆਣ ਦਿਵਸ ਸਮਾਂਰੋਹ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।ਇਹ ਸੱਦਾਂ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਅੱਜ ਫਤਿਹਗੜ੍ਹ ਸਾਹਿਬ ਪਹੁੰਚ ਕੇ ਦਿੱਤਾ ਅਤੇ ਰੈਲੀ ਕਰਨ ਦਾ ਜਾਇਜ਼ਾ ਲਿਆ।



# ਖੈਰ ਲੱਕੜ ਦੀ ਨਜਾਇਜ਼ ਕਟਾਈ ਦੇ ਆਰੋਪ ਵਿੱਚ ਇੱਕ ਵਿਅਕਤੀ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੀਤਾ ਕਾਬੂ

## ਧੁੰਦ/ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਮੌਕੇ ਤੋਂ ਦੋ ਆਰੋਪੀ ਹੋਏ ਫਰਾਰ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਮਹਾਂਵੀਰ ਸਿੰਘ, ਆਈ.ਐਫ.ਐਸ.. ਮੁੱਖ ਵਣ ਪਾਲ (ਹਿਲਜ), ਸੰਜੀਵ ਕੁਮਾਰ ਤਿਵਾੜੀ, ਆਈ.ਐਫ.ਐਸ., ਵਣ ਪਾਲ, ਸ਼ਿਵਾਲਿਕ ਸਰਕਲ ਪੰਜਾਬ, ਹਰਭਜਨ ਸਿੰਘ, ਪੀ.ਐਫ.ਐਸ.. ਵਣ ਮੰਡਲ ਅਫਸਰ, ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਰਘਬੀਰ ਸਿੰਘ, ਵਣ ਰੇਂਜਰ, ਵਣ ਰੇਂਜ ਅਫਸਰ ਬਲਾਚੌਰ ਦੀ ਅਗਵਾਈ ਹੇਠ ਵਣ ਰੇਂਜ ਬਲਾਚੌਰ ਦੇ ਸਟਾਫ ਵਲੋਂ ਸਰਦੀਆਂ/ਧੁੰਦਾਂ ਕਾਰਨ ਰਾਤ ਸਮੇਂ ਲਗਾਤਾਰ ਨਾਕੇ ਲਗਾਏ ਜਾ ਰਹੇ ਹਨ ਅਤੇ ਗਸਤ ਕੀਤੀ ਜਾ ਰਹੀ ਹੈ। ਇਸੇ ਦੌਰਾਨ ਮਿਤੀ 13/01/2026 ਨੂੰ ਸਮਾਂ ਲਗਭਗ 02:00 ਸਵੇਰੇ ਟੋਰੋਵਾਲ ਜੰਗਲ ਵਿਚੋਂ ਖੈਰ ਦੇ ਰੁੱਖਾਂ ਦੀ ਨਜਾਇਜ਼ ਕਟਾਈ ਚੋਰੀ ਹੋਣ ਸਬੰਧੀ ਸੂਚਨਾ ਪ੍ਰਾਪਤ ਹੋਈ, ਜਿਸ 'ਤੇ ਯਸ਼ਵਿੰਦਰ ਸਿੰਘ, ਵਣ ਗਾਰਡ ਇੰਚਾਰਜ ਸਿੰਘਪੁਰ ਬੀਟ ਅਤੇ ਸੁਰਿੰਦਰ ਪਾਲ, ਬਲਾਕ ਅਫਸਰ ਮਾਲੇਵਾਲ ਉਪਰੋਕਤ ਮੌਕੇ 'ਤੇ ਪਹੁੰਚੇ। ਮੌਕੇ 'ਤੇ ਖੈਰ ਦੇ ਰੁੱਖ ਚੋਰੀ ਕੱਟ ਕੇ ਗੱਡੀ ਨੰਬਰ ਪੀਬੀ-08-ਸੀ ਐਕਸ-3995 ਮਾਰਕਾ ਟੋਯੋਟਾ ਇੰਨੋਵਾ ਵਿੱਚ ਇੱਕ ਵਿਅਕਤੀ ਨੂੰ ਲੱਦਦੇ ਹੋਇਆ ਨੂੰ ਮੌਕੇ 'ਤੇ ਫੜਿਆ ਗਿਆ ਅਤੇ ਦੋ ਵਿਅਕਤੀ ਧੁੰਦ/ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਮੌਕੇ ਤੋਂ ਭੱਜ ਗਏ। ਮੌਕੇ 'ਤੇ ਫੜੇ ਗਏ ਵਿਅਕਤੀ ਦਾ ਨਾਮ ਰਾਕੇਸ਼ ਸਿੰਘ ਪੁੱਤਰ ਦਰਸ਼ਨ ਸਿੰਘ, ਵਾਸੀ ਪਿੰਡ ਸੀਹਵਾਂ, ਡਾਕਖਾਨਾ ਕਾਲੇਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲਾਂ ਹੁਸ਼ਿਆਰਪੁਰ ਹੈ। ਆਰੋਪੀਆ ਵਲੋਂ ਖੈਰ ਦੇ ਚਾਰ ਰੁੱਖ ਕੱਟੇ ਗਏ ਹਨ, ਜਿਹਨਾਂ ਦੇ 21 ਪੀਸ ਉਕਤ ਗੱਡੀ ਵਿਚੋਂ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਮੁੱਖ ਥਾਣਾ ਅਫਸਰ, ਪੋਜੇਵਾਲ ਨੂੰ ਚੋਰੀ ਦਾ ਪੁਲਿਸ ਪਰਚਾ ਦਰਜ ਕਰਨ ਲਈ ਭੇਜਿਆ ਗਿਆ। ਇਸ ਦੌਰਾਨ ਯਸ਼ਵਿੰਦਰ ਸਿੰਘ, ਵਣ ਗਾਰਡ, ਹਰਮਨਦੀਪ ਸਿੰਘ, ਵਣ ਗਾਰਡ, ਰਵਿੰਦਰ ਸਿੰਘ, ਵਣ ਗਾਰਡ, ਸੁਰਿੰਦਰ ਪਾਲ, ਬਲਾਕ ਅਫਸਰ, ਬਲਵੀਰ ਕੁਮਾਰ, ਬੇਲਦਾਰ, ਤਲਵਿੰਦਰ ਸਿੰਘ ਅਤੇ ਬਿੱਟੂ ਰਾਮ, ਕੰਪਿਊਟਰ ਓਪਰੇਟਰ ਹਾਜ਼ਰ ਸਨ।



# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਵਿਧਾਇਕ ਜਿੰਪਾ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ

## ਨਗਰ ਕੀਰਤਨ ਦੌਰਾਨ ਸੁਰੱਖਿਆ ਤੇ ਟ੍ਰੈਫਿਕ ਪ੍ਰਬੰਧਾਂ 'ਤੇ ਵਿਸਥਾਰਪੂਰਵਕ ਚਰਚਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ ਪ੍ਰਧਾਨਗੀ ਵਿਚ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਆਯੋਜਿਤ ਹੋਣ ਵਾਲੇ ਪ੍ਰੋਗਰਾਮਾਂ ਨੂੰ ਲੈ ਕੇ ਇਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦਾ ਉਦੇਸ਼ ਆਉਣ ਵਾਲੇ ਪ੍ਰਕਾਸ਼ ਪਰਬ ਨੂੰ ਸ਼ਰਧਾ, ਉਤਸ਼ਾਹ ਅਤੇ ਯੋਜਨਾਬੱਧ ਢੰਗ ਨਾਲ ਮਨਾਉਣ ਲਈ ਪ੍ਰਸ਼ਾਸਕੀ ਤਿਆਰੀਆਂ ਦੀ ਸਮੀਖਿਆ ਕਰਨਾ ਸੀ। ਮੀਟਿੰਗ ਵਿੱਚ ਸ਼ਹਿਰ ਵਿੱਚ ਕੱਢੇ ਜਾਣ ਵਾਲੇ ਵਿਸ਼ਾਲ ਨਗਰ ਕੀਰਤਨ ਦੌਰਾਨ ਸੁਰੱਖਿਆ ਪ੍ਰਬੰਧਾਂ, ਟ੍ਰੈਫਿਕ ਪ੍ਰਬੰਧਨ, ਸਫ਼ਾਈ, ਪੀਣ ਵਾਲੇ ਪਾਣੀ, ਬਿਜਲੀ ਅਤੇ ਐਮਰਜੈਂਸੀ ਸੇਵਾਵਾਂ ਨਾਲ ਸਬੰਧਤ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਵਿਧਾਇਕ ਜਿੰਪਾ ਨੇ ਅਧਿਕਾਰੀਆਂ ਨੂੰ ਸ਼ਰਧਾਲੂਆਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੋਈ ਵੀ ਅਸੁਵਿਧਾ ਨਾ ਹੋਵੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਪੁਲਿਸ ਸੁਪਰਡੈਂਟ ਮਨਪ੍ਰੀਤ ਸ਼ੀਹਮਾਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵਿਧਾਇਕ ਨੂੰ ਭਰੋਸਾ ਦਿੱਤਾ ਕਿ ਸਾਰੇ ਵਿਭਾਗ ਇਕ-ਦੂਜੇ ਨਾਲ ਤਾਲਮੇਲ ਕਰਕੇ ਆਪਣੀਆਂ ਡਿਊਟੀਆਂ ਨਿਭਾਉਣਗੇ। ਮੀਟਿੰਗ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਅਤੇ ਸੰਗਠਨਾਂ ਦੇ ਨੁਮਾਇੰਦੇ ਵੀ ਮੌਜੂਦ ਸਨ। ਉਨ੍ਹਾਂ ਨੇ ਨਗਰ ਕੀਰਤਨ ਵਿੱਚ ਸ਼ਰਧਾਲੂਆਂ ਦੇ ਰੂਟ, ਸਮਾਂ-ਸਾਰਣੀ ਅਤੇ ਭਾਗੀਦਾਰੀ ਸਬੰਧੀ ਸੁਝਾਅ ਸਾਂਝੇ ਕੀਤੇ। ਵਿਧਾਇਕ ਜਿੰਪਾ ਨੇ ਸਾਰੀਆਂ ਸੰਸਥਾਵਾਂ ਦੇ ਸਹਿਯੋਗ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਸੰਦੇਸ਼ ਸਮਾਨਤਾ, ਭਾਈਚਾਰੇ ਅਤੇ ਸਮਾਜਿਕ ਸਦਭਾਵਨਾ ਦਾ ਪ੍ਰਤੀਕ ਹੈ, ਜਿਸਨੂੰ ਸਾਨੂੰ ਆਪਣੇ ਆਚਰਣ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ।




# ਸੇਵਾ ਭਾਵਨਾ ਦੇ ਲੋਕ ਸੰਕਲਪ ਨਾਲ ਕੰਮ ਕਰ ਰਹੀ ਹੈ ਪੰਜਾਬ ਸਰਕਾਰ - ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਲੋਕਤੰਤਰ ਵਿੱਚ ਜਨਤਾ ਦਾ ਵਿਸ਼ਵਾਸ ਸਭ ਤੋਂ ਵੱਡੀ ਤਾਕਤ ਹੁੰਦਾ ਹੈ ਅਤੇ ਜਨਤਾ ਦੇ ਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਭਰੋਸੇ ਨੂੰ ਇਮਾਨਦਾਰੀ, ਸੇਵਾ ਅਤੇ ਸਮਰਪਣ ਭਾਵਨਾ ਨਾਲ ਪੂਰਾ ਕਰਨ। ਉਨ੍ਹਾਂ ਇਹ ਗੱਲ ਹਰਦੋਖਪੁਰ ਜ਼ੋਨ ਤੋਂ ਨਵੀਂ ਚੁਣੀ ਗਈ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬੀਬੀ ਰਣਜੀਤ ਕੌਰ ਵੱਲੋਂ ਆਪਣੀ ਜਿੱਤ ਦੀ ਖੁਸ਼ੀ ਪ੍ਰਗਟ ਕਰਨ ਅਤੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਪਿੰਡ ਗਗਨੋਲੀ ਵਿਖੇ ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਮੌਕੇ 'ਤੇ ਕਹੀ। ਡਾ. ਰਵਜੋਤ ਸਿੰਘ ਨੇ ਇਸ ਧਾਰਮਿਕ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਬੀਬੀ ਰਣਜੀਤ ਕੌਰ ਨੂੰ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚੁਣੇ ਜਾਣ 'ਤੇ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਬੀਬੀ ਰਣਜੀਤ ਕੌਰ ਨੂੰ ਸਿਹਤਯਾਬੀ ਅਤੇ ਇਲਾਕੇ ਦੀ ਸੇਵਾ ਕਰਨ ਲਈ ਹੋਰ ਤਾਕਤ, ਬੁੱਧੀ ਅਤੇ ਸਮਰਪਣ ਬਖਸ਼ਣ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਆਪਸੀ ਭਾਈਚਾਰਾ, ਸਕਾਰਾਤਮਕ ਸੋਚ ਅਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਕੈਬਨਿਟ ਮੰਤਰੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਬੀਬੀ ਰਣਜੀਤ ਕੌਰ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਇਲਾਕੇ ਦੇ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਨਿਰੰਤਰ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ, ਬੁਨਿਆਦੀ ਢਾਂਚੇ ਦੇ ਵਿਸਥਾਰ ਅਤੇ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ।



# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoeas), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC) ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ:
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ABSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਬਾਲ ਭਿੱਖਿਆ ਖਿਲਾਫ ਜ਼ਿਲ੍ਹਾ ਟਾਸਕ ਫੋਰਸ ਦੀ ਸਖ਼ਤ ਕਾਰਵਾਈ, ਦੋ ਬੱਚੇ ਕਰਵਾਏ ਗਏ ਮੁਕਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਮੰਤਰੀ ਪੰਜਾਬ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਜ਼ਿਲ੍ਹੇ ਵਿਚ ਪ੍ਰੋਜੈਕਟ ਜੀਵਨਜੋਤ-2 ਤਹਿਤ ਬਾਲ ਭਿਖਿਆ ਦੀ ਰੋਕਥਾਮ ਨੂੰ ਲੈ ਕੇ ਲਗਾਤਾਰ ਸਖ਼ਤ ਕਦਮ ਉਠਾਏ ਜਾ ਰਹੇ ਹਨ। ਇਸੇ ਲੜੀ ਵਿਚ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਦੀ ਟੀਮ ਵਲੋਂ ਬਾਲ ਭਿੱਖਿਆ ਰੋਕਥਾਮ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਨਾਲ ਮਿਲ ਕੇ ਵਿਅਪਕ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਬਾਜ਼ਾਰਾਂ, ਰੇਲਵੇ ਸਟੇਸ਼ਨ, ਰੇਲਵੇ ਰੋਡ, ਬੱਸ ਅੱਡਾ, ਫਗਵਾੜਾ ਚੌਕ ਸਮੇਤ ਬਲਾਕ ਹਾਜੀਪੁਰ ਦੇ ਬੱਸ ਅੱਡੇ, ਗੁਰਦੁਆਰਾ ਹਾਜੀਪੁਰ, ਸ਼ਨੀ ਮੰਦਰ, ਸਿਵਲ ਹਸਪਤਾਲ ਦੇ ਬਾਹਰ, ਬੁੱਢਾਬੜ ਚੌਕ, ਪਿੰਡ



ਸੰਧਵਾਲ, ਟੀ-ਪੁਆਇੰਟ, ਪੁਲਿਸ ਸਟੇਸ਼ਨ, ਨਿੱਕੂ ਚੱਕ ਮੋੜ ਅਤੇ ਸਰਕਾਰੀ ਸਕੂਲਾਂ ਦੇ ਬਾਹਰ ਛਾਪੇਮਾਰੀ ਕੀਤੀ ਗਈ। ਮੁਹਿੰਮ ਦੌਰਾਨ ਆਮ ਜਨਤਾ ਨੂੰ ਬਾਲ ਭਿੱਖਿਆ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਗਿਆ। ਹਾਜੀਪੁਰ ਬੱਸ ਅੱਡੇ ਤੋਂ 2 ਬੱਚਿਆਂ ਨੂੰ ਭਿੱਖਿਆ ਤੋਂ ਮੁਕਤ ਕਰਵਾ ਕੇ ਬਾਲ ਭਲਾਈ ਕੌਂਸਲ, ਹੁਸ਼ਿਆਰਪੁਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਕੌਂਸਲ ਵਲੋਂ ਬੱਚਿਆਂ ਦੀ ਕਾਉਂਸਲਿੰਗ ਕਰਕੇ ਉਨ੍ਹਾਂ ਦੇ ਸਰਵਪੱਖੀ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਰੂਰੀ ਫ਼ੈਸਲੇ ਲਏ ਗਏ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਕੋਈ ਬੱਚਾ ਭਿੱਖਿਆ ਮੰਗਦਾ ਜਾਂ ਬਾਲ ਮਜ਼ਦੂਰੀ ਕਰਦਾ ਦਿਖਾਈ ਦਿੰਦਾ ਹੈ, ਤਾਂ ਉਹ ਤੁਰੰਤ ਬਾਲ ਹੈਲਪਲਾਈਨ ਨੰਬਰ 1098 ’ਤੇ ਸੂਚਨਾ ਦੇਣ, ਤਾਂ ਜੋ ਸਮੇਂ ਰਹਿੰਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਪ੍ਰਕਾਰ ਦੀ ਕਾਰਵਾਈ ਪਹਿਲੇ ਵੀ ਹੁੰਦੀ ਰਹੀ ਹੈ ਅਤੇ ਅੱਗੇ ਵੀ ਲਗਾਤਾਰ ਜਾਰੀ ਰਹੇਗੀ। ਜੇਕਰ ਕੋਈ ਮਾਪਾ ਬੱਚਿਆਂ ਤੋਂ ਭਿੱਖਿਆ ਮੰਗਵਾਉਂਦਾ ਪਾਇਆ ਗਿਆ ਤਾਂ ਉਸ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਨੇ ਸਪੱਸ਼ਟ ਕੀਤਾ ਕਿ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਬੱਚਿਆਂ ਤੋਂ ਭਿੱਖਿਆ ਮੰਗਵਾਉਣ ਵਾਲੇ ਮਾਤਾ-ਪਿਤਾ ਦਾ ਡੀ.ਐਨ.ਏ ਟੈਸਟ ਵੀ ਕੀਤਾ ਜਾਵੇਗਾ ਅਤੇ ਰਿਪੋਰਟ ਮੇਲ ਨਾ ਖਾਣ ’ਤੇ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਮੁਹਿੰਮ ਵਿਚ ਪੁਲਿਸ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਲ ਸਨ।

# ਭਾਰਤੀ ਸੱਭਿਆਚਾਰ ਵਿੱਚ ਲੋਹੜੀ ਅਤੇ ਮਕਰ ਸੰਕ੍ਰਾਂਤੀ ਦਾ ਵਿਸ਼ੇਸ਼ ਮਹੱਤਵ ਹੈ: ਡਾ. ਰਮਨ ਘਈ

## ਰਾਸ਼ਟਰੀ ਖਿਡਾਰੀਆਂ ਨੇ ਆਪਣੇ ਮਾਪਿਆਂ ਅਤੇ ਹੋਰ ਖਿਡਾਰੀਆਂ ਨਾਲ ਐਚਡੀਸੀਏ ਮੈਦਾਨ ਵਿੱਚ ਬਹੁਤ ਉਤਸ਼ਾਹ ਨਾਲ ਤਿਉਹਾਰ ਮਨਾਇਆ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** – ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ, ਹੁਸ਼ਿਆਰਪੁਰ ਨੇ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਐਚਡੀਸੀਏ ਮੈਦਾਨ ਵਿੱਚ ਲੋਹੜੀ ਅਤੇ ਮਕਰ ਸੰਕ੍ਰਾਂਤੀ ਬਹੁਤ ਉਤਸ਼ਾਹ ਨਾਲ ਮਨਾਈ। ਲੋਹੜੀ ਬਾਲੀ ਗਈ ਅਤੇ ਸਾਰਿਆਂ ਨੇ ਪੂਜਾ ਵਿੱਚ ਮੂੰਗਫਲੀ ਅਤੇ ਮਿਠਾਈਆਂ ਭੇਟ ਕੀਤੀਆਂ। ਇਸ ਮੌਕੇ 'ਤੇ ਐਚਡੀਸੀਏ ਸਕੱਤਰ ਡਾ. ਰਮਨ ਘਈ ਨੇ ਐਚਡੀਸੀਏ ਅਤੇ ਪੀਸੀਏ ਵੱਲੋਂ ਸਾਰੇ ਖਿਡਾਰੀਆਂ ਨੂੰ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੀ ਵਧਾਈ ਦਿੱਤੀ ਅਤੇ ਇਨ੍ਹਾਂ ਤਿਉਹਾਰਾਂ ਦੀ ਮਹੱਤਤਾ ਬਾਰੇ ਦੱਸਿਆ। ਡਾ. ਘਈ ਨੇ ਕਿਹਾ ਕਿ ਸਾਡੇ ਤਿਉਹਾਰ ਸਾਡੀ ਸੰਸਕ੍ਰਿਤੀ ਦੀ ਨੀਂਹ ਹਨ ਅਤੇ ਸਾਨੂੰ ਇਨ੍ਹਾਂ ਨੂੰ ਪਰੰਪਰਾ ਅਨੁਸਾਰ ਮਨਾਉਣਾ ਚਾਹੀਦਾ ਹੈ। ਉਨ੍ਹਾਂ ਨੇ ਬੱਚਿਆਂ ਨੂੰ



ਇਸ ਮੌਕੇ 'ਤੇ ਪਾਣੀ ਅਤੇ ਵਾਤਾਵਰਣ ਸੰਭਾਲ ਦੇ ਨਾਲ-ਨਾਲ ਸਫਾਈ ਲਈ ਕੰਮ ਕਰਨ ਦਾ ਪ੍ਰਣ ਲੈਣ ਦੀ ਅਪੀਲ ਕੀਤੀ। ਡਾ. ਘਈ ਨੇ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਅਗਲੇ ਸਾਲ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੌਰਾਨ ਵਧੀਆ ਪ੍ਰਦਰਸ਼ਨ ਕਰਕੇ ਆਪਣੀਆਂ ਖੇਡਾਂ ਵਿੱਚ ਨਵੀਆਂ ਉਚਾਈਆਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਆਪਣੀਆਂ ਪਰੰਪਰਾਵਾਂ ਨਾਲ ਜੋੜ ਕੇ ਰੱਖਣ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਪਾਲਣਾ ਕਰਨਾ ਸਿਖਾਉਣ ਤਾਂ ਜੋ ਸਾਡੀ ਅਨਮੋਲ ਵਿਰਾਸਤ, ਜੋ ਕਿ ਸਾਡੀਆਂ ਪਰੰਪਰਾਵਾਂ ਅਤੇ ਸੱਭਿਆਚਾਰ ਹੈ, ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖੀ ਜਾ ਸਕੇ। ਐਚਡੀਸੀਏ ਦੇ ਮੈਦਾਨ ਵਿੱਚ ਹੋਏ ਲੋਹੜੀ ਤਿਉਹਾਰ ਸਮਾਰੋਹ ਵਿੱਚ, ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਲੋਹੜੀ ਦੇ ਗੀਤ ਗਾ ਕੇ ਅਤੇ ਨੱਚ ਕੇ ਤਿਉਹਾਰ ਦਾ ਆਨੰਦ ਮਾਣਿਆ। ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ, ਸੰਯੁਕਤ ਸਕੱਤਰ ਵਿਵੇਕ ਸਾਹਨੀ, ਡਾ. ਪੰਕਜ ਸ਼ਿਵ, ਜਤਿੰਦਰ ਸੂਦ, ਸੁਭਾਸ਼ ਸ਼ਰਮਾ, ਯੋਗਰਾਜ ਠਾਕੁਰ, ਮਨੋਜ ਓਹਰੀ, ਐਡਵੋਕੇਟ ਅਰਵਿੰਦ ਸੂਦ, ਸਾਹਿਬ ਦਿਆਲ, ਅਤੇ ਸਾਰੇ ਐਚਡੀਸੀਏ ਅਧਿਕਾਰੀਆਂ ਨੇ ਖਿਡਾਰੀਆਂ ਨੂੰ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ ਅਤੇ ਦਿਨੇਸ਼ ਸ਼ਰਮਾ ਤੋਂ ਇਲਾਵਾ ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਕਲਿਆਣ, ਜੂਨੀਅਰ ਕੋਚ ਨਿਕਿਤਾ ਕੁਮਾਰੀ ਅਤੇ ਜ਼ਿਲ੍ਹਾ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ ਅਤੇ ਗਰਾਊਂਡ ਮੈਨ ਸੋਢੀ ਰਾਮ ਨੇ ਵੀ ਖਿਡਾਰੀਆਂ ਨੂੰ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੀ ਵਧਾਈ ਦਿੱਤੀ। ਇਸ ਮੌਕੇ ਐਚ.ਡੀ.ਸੀ.ਏ. ਦੀ ਕੌਮੀ ਖਿਡਾਰਨ ਸੁਰਭੀ ਨਰਾਇਣ, ਅੰਜਲੀ ਸੀਮਰ, ਸ਼ਿਵਾਨੀ, ਪੂਜਾ, ਵੰਸ਼ਿਕਾ ਅਤੇ ਸੋਹਾਣਾ ਨੇ ਵੀ ਖਿਡਾਰੀਆਂ ਨਾਲ ਮਿਲ ਕੇ ਲੋਹੜੀ ਅਤੇ ਮਕਰ ਸੰਕ੍ਰਾਂਤੀ ਬੜੇ ਉਤਸ਼ਾਹ ਨਾਲ ਮਨਾਈ। ਸਮਾਗਮ ਵਿੱਚ ਸੁਖਬੀਰ ਸਿੰਘ, ਅਜੇ ਕੁਮਾਰ, ਅਮਿਤ ਠਾਕੁਰ, ਸਤਪ੍ਰੀਤ, ਦੀਪਕ ਕੁਮਾਰ, ਹਰੀਸ਼ ਕੁਮਾਰ, ਸੰਜੇ ਨਰਾਇਣ ਆਦਿ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਵੱਲੋਂ ਜੁਆਇੰਟ ਐਕਸ਼ਨ ਕਮੇਟੀ ਨਾਲ ਮੀਟਿੰਗ ਹੁਣ 14 ਜਨਵਰੀ 2026 ਨੂੰ – ਬਲਦੇਵ ਭਾਰਤੀ

**● ਪੰਜਾਬ ਸਰਕਾਰ ਦੀ ਪਹਿਲ ਕਦਮੀ ਨੂੰ ਮੁੱਖ ਰੱਖਦਿਆਂ 04 ਜਨਵਰੀ 2026 ਦੇ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਉ ਦਾ ਐਕਸ਼ਨ ਕੀਤਾ ਗਿਆ ਸੀ ਮੁਲਤਵੀ ● ਅਗਰ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋ ਗੈਂਟਾ ਰਿਪੋਰਟ ਲਾਗੂ ਨਹੀਂ ਕੀਤੀ ਜਾਂਦੀ ਤਾਂ ਮੀਟਿੰਗ ਦਾ ਬਾਈਕਾਟ ਕਰਕੇ ਉਸੇ ਸਮੇਂ ਹੀ ਅਗਲੇ ਐਕਸ਼ਨ ਦਾ ਐਲਾਨ ਕਰ ਦਿੱਤਾ ਜਾਵੇਗਾ**

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੀਆਂ 27 ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਮੁਲਾਜਮ, ਮਜ਼ਦੂਰ ਅਤੇ ਸਮਾਜਿਕ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਦੇ ਰਾਜ ਪੱਧਰੀ ਮੀਡੀਆ ਇੰਚਾਰਜ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਕਮੇਟੀ ਦੇ 25 ਮੈਬਰੀ ਵਫਦ ਨੂੰ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਵੱਲੋ 12 ਜਨਵਰੀ 2026 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੇ 31 ਨੁਕਾਤੀ ਮੰਗ ਪੱਤਰ ਦੇ ਏਜੰਡੇ ਉੱਤੇ ਗੱਲਬਾਤ ਕਰਨ ਦਾ ਸੱਦਾ ਪੱਤਰ ਨੰ:- ਮੀਮੋ ਨੰ- 11/16/2024-ਜੀਸੀ5/1430 ਮਿਤੀ 30-12-2025 ਰਾਹੀਂ ਦਿੱਤਾ ਗਿਆ ਹੈ। ਪਰ ਪੰਜਾਬ ਸਰਕਾਰ ਵੱਲੋਂ ਇਹ ਮੀਟਿੰਗ ਅੱਗੇ ਪਾ ਕੇ 14 ਜਨਵਰੀ 2026 ਨੂੰ ਕਰ ਦਿੱਤੀ ਗਈ ਹੈ। ਬਲਦੇਵ ਭਾਰਤੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋ ਦਿੱਤੇ ਸੱਦੇ ਤੇ ਵਿਚਾਰ ਕਰਨ ਲਈ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਸਟੇਟ ਕੋਆਰਡੀਨੇਟਰ ਜਸਬੀਰ ਸਿੰਘ ਪਾਲ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਗੰਭੀਰ ਵਿਚਾਰ ਵਟਾਂਦਰਾ ਕਰਨ ਉਪਰੰਤ ਸਰਬਸੰਮਤੀ ਨਾਲ ਫੈਸਲਾ ਲੈਂਦਿਆਂ 4 ਜਨਵਰੀ 2026 ਨੂੰ ਸੰਗਰੂਰ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ ਨੂੰ ਘੇਰਨ ਦਾ ਐਕਸ਼ਨ ਮੁਲਤਵੀ ਕਰ ਦਿੱਤਾ ਗਿਆ ਸੀ। ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਸੀ ਕਿ ਜੇਕਰ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਵਿੱਚ ਸਰਕਾਰ ਵੱਲੋ ਗੈਂਟਾ ਰਿਪੋਰਟ ਲਾਗੂ ਨਹੀਂ ਕੀਤੀ ਜਾਂਦੀ ਤਾਂ ਮੀਟਿੰਗ ਦਾ ਬਾਈਕਾਟ



ਕਰਕੇ ਉਸੇ ਸਮੇਂ ਹੀ ਅਗਲੇ ਐਕਸ਼ਨ ਦਾ ਐਲਾਨ ਕਰ ਦਿੱਤਾ ਜਾਵੇਗਾ। ਬਲਦੇਵ ਭਾਰਤੀ ਨੇ ਦੱਸਿਆ ਕਿ ਜੁਆਇੰਟ ਐਕਸ਼ਨ ਕਮੇਟੀ ਦੇ ਆਗੂ ਹਰਵਿੰਦਰ ਸਿੰਘ ਮੰਡੇਰ, ਰਾਜ ਸਿੰਘ ਟੋਡਰਵਾਲ, ਹਰਜਸ ਸਿੰਘ, ਕੁਲਵਿੰਦਰ ਸਿੰਘ ਬੋਦਲ, ਕਰਨੈਲ ਸਿੰਘ ਨੀਲੋਵਾਲ, ਬਲਰਾਜ ਕੁਮਾਰ, ਅਮਰਜੀਤ ਸਿੰਘ ਖਟਕੜ, ਬਲਦੇਵ ਸਿੰਘ ਧੁੱਗਾ, ਗੁਰਪ੍ਰੀਤ ਸਿੰਘ ਸੁਨਾਮ, ਕਰਮਜੀਤ ਸਿੰਘ, ਜੱਗਾ ਸਿੰਘ, ਮਨੋਹਰ ਲਾਲ, ਲਛਮਣ ਸਿੰਘ, ਕੁਲਦੀਪ ਸਿੰਘ, ਸਤਵੰਤ ਸਿੰਘ ਟੂਰਾ, ਪਰਮਜੀਤ ਸਿੰਘ, ਸਲਵਿੰਦਰ ਜੱਸੀ, ਸੁੱਖਵਿੰਦਰ ਕਾਲੀ, ਕ੍ਰਿਸ਼ਨ ਲਾਲ, ਦਵਿੰਦਰ ਸਿੰਘ, ਸੁਭਾਸ਼ ਚੰਦਰ, ਠਾਕਰ ਦਾਸ, ਬਲਵੰਤ ਸਿੰਘ, ਭੁਪਿੰਦਰ ਸਿੰਘ,ਮਹਿੰਦਰ ਸਿੰਘ ਗੋਬਿੰਦਗੜ੍ਹ, ਬੰਟੀ ਨਾਗਲਾ, ਰਿੰਕੂ ਧੂਰੀ, ਰੋਸ਼ਨ ਲਾਲ, ਅਜਾਇਬ ਸਿੰਘ ਬਠੋਈ, ਹਰਵਿੰਦਰ ਸਿੰਘ ਭੱਠਲ, ਮੱਖਣ ਰੱਤੂ, ਅਜਾਇਬ ਸਿੰਘ ਨੀਲੋਵਾਲ, ਗੁਰਜਿੰਦਰ ਪਾਲ ਸਿੰਘ, ਮਨਿੰਦਰ ਸਿੰਘ, ਰਵਿੰਦਰ ਸਿੰਘ ਲਾਲੀ, ਰਾਮ ਲੁਭਾਇਆ ਕਲਸੀ, ਗੁਰਜੰਟ ਸਿੰਘ ਮਾਨਸਾ ਆਦਿ ਲੋੜੀਂਦੇ ਸੰਘਰਸ਼ ਦੀ ਤਿਆਰੀ ਵਿੱਚ ਜੁਟੇ ਹੋਏ ਹਨ।

# ਕੜਾਕੇ ਦੀ ਠੰਡ ਵਿੱਚ ਫੁੱਟਪਾਥਾਂ ’ਤੇ ਬੇਸਹਾਰਾ ਬਚਪਨ

ਸਰਦੀਆਂ ਦੀ ਕੜਾਕੇਦਾਰ ਠੰਡ ਜਦੋਂ ਸ਼ਹਿਰਾਂ ਨੂੰ ਆਪਣੇ ਸਨਾਟੇ ਵਿੱਚ ਜਕੜ ਲੈਂਦੀ ਹੈ, ਉਸ ਸਮੇਂ ਬਹੁਤ ਸਾਰੇ ਘਰਾਂ ਵਿੱਚ ਰਜਾਈਆਂ, ਹੀਟਰ ਅਤੇ ਗਰਮ ਕੱਪੜੇ ਲੋਕਾਂ ਨੂੰ ਆਰਾਮ ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ। ਪਰ ਇਨ੍ਹਾਂ ਹੀ ਸ਼ਹਿਰਾਂ ਦੇ ਫੁੱਟਪਾਥਾਂ ’ਤੇ ਕੁਝ ਮਾਸੂਮ ਬੱਚੇ ਅਜਿਹੇ ਵੀ ਹਨ, ਜਿਨ੍ਹਾਂ ਲਈ ਇਹ ਠੰਡ ਆਰਾਮ ਨਹੀਂ, ਸਗੋਂ ਜੀਵਨ ਨਾਲ ਜੁੜੀ ਇੱਕ ਕਠਿਨ ਜੰਗ ਬਣ ਜਾਂਦੀ ਹੈ। ਫੁੱਟਪਾਥਾਂ ’ਤੇ ਰਹਿਣ ਵਾਲੇ ਇਹ ਬੱਚੇ ਅਕਸਰ ਪੁਰਾਣੀਆਂ ਚਾਦਰਾਂ, ਫਟੇ ਹੋਏ ਕੱਪੜਿਆਂ ਜਾਂ ਅਖਬਾਰਾਂ ਵਿੱਚ ਆਪਣੇ ਆਪ ਨੂੰ ਲਪੇਟ ਕੇ ਰਾਤ ਕੱਟਣ ਦੀ ਕੋਸ਼ਿਸ਼ ਕਰਦੇ ਹਨ। ਨੰਗੇ ਪੈਰ, ਕੰਬਦੀਆਂ ਦੇਹਾਂ ਅਤੇ ਸਹਮੀ ਹੋਈਆਂ ਅੱਖਾਂ ਸਮਾਜ ਦੇ ਉਸ ਪੱਖ ਨੂੰ ਦਰਸਾਉਂਦੀਆਂ ਹਨ, ਜਿਸ ਵੱਲ ਸਾਡਾ ਧਿਆਨ ਘੱਟ ਹੀ ਜਾਂਦਾ ਹੈ। ਇਹ ਉਹ ਬਚਪਨ ਹੈ, ਜਿਸ ਵਿੱਚ ਖੇਡਾਂ ਦੀ ਥਾਂ ਸੰਘਰਸ਼ ਨੇ ਲੈ ਲਈ ਹੈ। ਮਾਂ-ਪਿਉ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਲੱਗੇ ਰਹਿੰਦੇ ਹਨ ਅਤੇ ਬੱਚੇ ਠੰਡ ਨਾਲ ਲੜਦੇ ਹੋਏ ਰਾਤ ਗੁਜ਼ਾਰਦੇ ਹਨ। ਕੁਝ ਦਿਨ ਪਹਿਲਾਂ ਰਾਤ ਦੇ ਸਮੇਂ ਸ਼ਹਿਰ ਵਿੱਚੋਂ ਲੰਘਦੇ ਹੋਏ ਅਜਿਹਾ ਹੀ ਇੱਕ ਦ੍ਰਿਸ਼ ਵੇਖਣ ਨੂੰ ਮਿਲਿਆ। ਠੰਡ ਇੰਨੀ ਤੇਜ਼ ਸੀ ਕਿ ਕਾਰ ਵਿੱਚ ਬੈਠੇ ਹੋਏ ਵੀ ਠਰ-ਠਰ ਕੰਬਣ ਦਾ ਅਹਿਸਾਸ ਹੋ ਰਿਹਾ ਸੀ। ਉਸ ਵੇਲੇ ਫੁੱਟਪਾਥ ’ਤੇ ਇੱਕ ਨਿੱਘੀ ਜਿਹੀ ਚਾਦਰ ਵਿੱਚ ਲਪਟਿਆ ਛੋਟਾ ਬੱਚਾ ਸੁੱਤਾ ਨਜ਼ਰ ਆਇਆ। ਉਸਦੇ ਕੋਲ ਉਸਦੀ ਛੋਟੀ ਭੈਣ ਆਪਣੀ ਮਾਂ ਨਾਲ ਸਿਮਟੀ ਹੋਈ ਸੀ, ਜਦਕਿ ਪਿੱਛੇ ਉੱਚੀਆਂ ਇਮਾਰਤਾਂ ਦੀਆਂ ਚਮਕਦਾਰ ਬੱਤੀਆਂ ਸਮਾਜਿਕ ਵਿਰੋਧਾਂ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਹ ਦ੍ਰਿਸ਼ ਮਨ ਨੂੰ ਝੰਝੋੜਣ ਵਾਲਾ ਸੀ। ਅੰਦਰੋਂ ਇੱਕ ਸਵਾਲ ਉੱਠਿਆ ਕਿ ਸਮਾਜ ਦੇ ਕੁਝ ਹਿੱਸਿਆਂ ਲਈ ਆਰਾਮ ਦੇ ਸਾਰੇ ਸਾਧਨ ਮੌਜੂਦ ਹਨ, ਜਦਕਿ ਕੁਝ ਮਾਸੂਮਾਂ ਲਈ ਬੁਨਿਆਦੀ ਲੋੜਾਂ ਵੀ ਅਧੂਰੀਆਂ ਹਨ। ਇਹ ਸੋਚ ਸਾਨੂੰ ਆਪਣੀ ਸਾਂਝੀ ਜ਼ਿੰਮੇਵਾਰੀ ਵੱਲ ਮੁੜ ਕੇ ਵੇਖਣ ਲਈ ਮਜਬੂਰ ਕਰਦੀ ਹੈ। ਇਹ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਤੇ ਸੰਭਾਲ ਸਾਡਾ ਸਾਂਝਾ ਫ਼ਰਜ਼ ਹੈ। ਸਰਕਾਰੀ ਯਤਨਾਂ ਦੇ ਨਾਲ-ਨਾਲ ਸਮਾਜਿਕ ਸੰਸਥਾਵਾਂ ਅਤੇ ਆਮ ਨਾਗਰਿਕਾਂ ਵੱਲੋਂ ਵੀ ਮਨੁੱਖਤਾ ਦੇ ਨਾਤੇ ਅਜਿਹੇ ਬੱਚਿਆਂ ਲਈ ਗਰਮ ਕੱਪੜੇ, ਭੋਜਨ ਅਤੇ ਰਾਤਰੀ ਆਸਰੇ ਵਰਗੀਆਂ ਸੁਵਿਧਾਵਾਂ ਉਪਲਬਧ ਕਰਵਾਉਣ ਦੀ ਲੋੜ ਹੈ। ਕਈ ਵਾਰ ਇੱਕ ਛੋਟਾ ਜਿਹਾ ਸਹਿਯੋਗ ਵੀ ਕਿਸੇ ਮਾਸੂਮ ਦੀ ਜ਼ਿੰਦਗੀ ਵਿੱਚ ਵੱਡੀ ਰਾਹਤ ਲਿਆ ਸਕਦਾ ਹੈ। ਕੜਾਕੇ ਦੀ ਠੰਡ ਵਿੱਚ ਫੁੱਟਪਾਥ ’ਤੇ ਸੁੱਤਾ ਹਰ ਬੱਚਾ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਤਰੱਕੀ ਦੇ ਨਾਲ-ਨਾਲ ਮਨੁੱਖਤਾ ਅਤੇ ਸੰਵੇਦਨਸ਼ੀਲਤਾ ਨੂੰ ਜਿੰਦਾ ਰੱਖਣਾ ਵੀ ਉਤਨਾ ਹੀ ਜ਼ਰੂਰੀ ਹੈ।



**ਪਵਨ ਕੁਮਾਰ ਅੱਤਰੀ**
**(ਕਪੂਰਥਲਾ)**
**pkattiiir@gmial.com**

# ਕਾਂਗਰਸ ਪਾਰਟੀ ਨੇ ਸਿੱਧ ਕੀਤਾ ਕਿ ਜੱਟ ਹੀ ਹਨ ਡਰਬੀ ਘੋੜੇ: ਗੋਲਡੀ ਪੁਰਖਾਲੀ

**ਰੋਪੜ ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜਿਲ੍ਹਾ ਰੋਪੜ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਦਲਿਤ ਸਮਾਜ ਦੇ ਮਹਾਨ ਲੀਡਰ ਮਰਹੂਮ ਸਰਦਾਰ ਬੂਟਾ ਸਿੰਘ ਜੀ ਪ੍ਰਤੀ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਵਲੋਂ ਸਰੇਆਮ ਲੋਕਾਂ ਦੇ ਇਕੱਠ ਵਿੱਚ ਭੱਦੀ ਸਬਦਾਵਲੀ ਵਰਤੀ ਗਈ ਜਿਸ ਦਾ ਪੰਜਾਬ ਸਮੇਤ ਪੂਰੇ ਭਾਰਤ ਦੇਸ਼ ਦੇ ਦਲਿਤ ਭਾਈਚਾਰੇ ਵਿੱਚ ਬਹੁਤ ਰੋਸ



ਪਾਇਆ ਗਿਆ। ਪਰੰਤੂ ਕਾਂਗਰਸ ਦੀ ਸੈਂਟਰ ਹਾਈ ਕਮਾਨ ਵਲੋਂ ਰਾਜਾ ਵੜਿੰਗ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ ਸਗੋਂ ਦਲਿਤ ਭਾਈਚਾਰੇ ਦੇ ਭਾਰੀ ਰੋਸ ਦੇ ਬਾਵਜੂਦ ਰਾਜਾ ਵੜਿੰਗ ਨੂੰ ਹੀ ਸੂਬਾ ਪ੍ਰਧਾਨ ਲਗਾਇਆ ਹੋਇਆ ਹੈ। ਇਸ ਵਰਤਾਰੇ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਕਾਂਗਰਸ ਹਾਈ ਕਮਾਨ ਜੱਟਾਂ ਨੂੰ ਹੀ ਡਰਬੀ ਘੋੜੇ ਸਮਝਦੀ ਹੈ ਦਲਿਤਾਂ ਨੂੰ ਨਹੀਂ। ਜੇਕਰ ਦਲਿਤ ਭਾਈਚਾਰੇ ਪ੍ਰਤੀ ਮਾੜੀ ਸੋਚ ਰੱਖਣ ਵਾਲੀ ਕਾਂਗਰਸ ਨਾਲ ਦਲਿਤਾਂ ਨੇ ਨਾਤਾ ਨਾ ਤੋੜਿਆ ਤਾਂ ਦਲਿਤਾਂ ਦੀਆਂ ਆਉਣ ਵਾਲੀਆਂ ਪੀੜੀਆਂ ਬਹੁਤ ਮਾੜਾ ਸਮਾਂ ਵੇਖਣਗੀਆਂ।

# ਵਿਸ਼ਵ ਮਹਿਲਾ ਹਾਕੀ ਚੈਂਪੀਅਨਸ਼ਿਪ ਵਿੱਚ ਕੈਨੇਡਾ ਦੀ ਸ਼ਾਨਦਾਰ ਜਿੱਤ, ਹੰਗਰੀ ਨੂੰ 14-0 ਨਾਲ ਹਰਾਇਆ




**ਜੇਤੂ ਟੀਮ ਵੀ ਇੱਕ ਤਸਵੀਰ**

**ਵੈਨਕੂਵਰ, (ਮਲਕੀਤ ਸਿੰਘ)** ਅੰਡਰ-18 ਵਿਸ਼ਵ ਮਹਿਲਾ ਹਾਕੀ ਚੈਂਪੀਅਨਸ਼ਿਪ ਦੇ ਕੋਮਾਂਤਰੀ ਪੱਧਰ ਦੇ ਮੁਕਾਬਲੇ ਵਿੱਚ ਕੈਨੇਡਾ ਦੀ ਮਹਿਲਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੰਗਰੀ ਦੀ ਟੀਮ ਨੂੰ 14-0 ਨਾਲ ਕਰਾਰੀ ਹਾਰ ਦੇ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਹ ਮੈਚ ਨੋਵਾ ਸਕੋਸ਼ੀਆ ਦੇ ਸਿਡਨੀ ਸ਼ਹਿਰ ਵਿੱਚ ਖੇਡਿਆ ਗਿਆ। ਕੈਨੇਡਾ ਦੀ ਟੀਮ ਦੀ ਅਗਵਾਈ ਕਰ ਰਹੀ ਕਪਤਾਨ ਹੇਲੀ ਮੈਕਡੋਨਲਡ ਅਤੇ ਖਿਡਾਰਣ ਅਡਰੀਆਨਾ ਮਿਲਾਨੀ ਨੇ ਮੈਚ ਦੇ ਸ਼ੁਰੂਆਤੀ ਦੌਰ ਦੌਰਾਨ 3-3 ਗੋਲ ਕਰਕੇ ਟੀਮ ਨੂ ਜਿੱਤ ਵੱਲ ਉਲਾਰਿਆ। ਦੋਹਾਂ ਦੀ ਤੇਜ਼ ਰਫ਼ਤਾਰ ਅਤੇ ਸਹੀ ਨਿਸ਼ਾਨਾਬੰਦੀ ਨੇ ਹੰਗਰੀ ਦੀ ਰੱਖਿਆ ਨੂੰ ਪੂਰੀ ਤਰ੍ਹਾਂ ਬੇਬਸ ਕਰ ਦਿੱਤਾ। ਗੋਲ ਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਰੋਵਨ ਹੌਵਲਿੰਗ ਨੇ ਲਗਾਤਾਰ 11 ਵਾਰ ਸ਼ਾਨਦਾਰ ਬਚਾਅ ਕਰਕੇ ਆਪਣਾ ਦਰਵਾਜ਼ਾ ਬੰਦ ਰੱਖਿਆ। ਪੂਰੇ ਮੈਚ ਦੌਰਾਨ ਕੈਨੇਡਾ ਦੀ ਟੀਮ ਨੇ ਹਮਲਾਵਰ ਰਵੱਈਆ ਕਾਇਮ ਰੱਖਿਆ ਇਸ ਵੱਡੀ ਜਿੱਤ ਨਾਲ ਕੈਨੇਡਾ ਨੇ ਚੈਂਪੀਅਨਸ਼ਿਪ ਵਿੱਚ ਆਪਣੀ ਅਜੇਤੂ ਲੜੀ ਜਾਰੀ ਰੱਖੀ ਹੈ ਅਤੇ ਖਿਤਾਬ ਦੀ ਦੌੜ ਵਿੱਚ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ ਹੈ। ਕਨੇਡਾ ਦੇ ਖੇਡ ਪ੍ਰੇਮੀਆ ਚ ਇਸ ਜਿੱਤ ਕਾਰਨ ਖੁਸ਼ੀ ਦਾ ਆਲਮ ਛਾਇਆ ਮਹਿਸੂਸ ਕੀਤਾ ਜਾ ਰਿਹਾ ਹੈ।

# ਪਤਨੀ ਦੀ ਛੁਰੇਮਾਰੀ ਨਾਲ ਮੌਤ ਮਾਮਲੇ ਵਿੱਚ ਦੋਸ਼ੀ ਖ਼ਿਲਾਫ਼ ਕਤਲ ਟਰਾਇਲ ਸ਼ੁਰੂ

**ਵੈਨਕੂਵਰ (ਮਲਕੀਤ ਸਿੰਘ)** — ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਬ੍ਰਿਟਿਸ਼ ਕੋਲੰਬੀਆ ਦੇ ਐਫਸਫੋਰਡ ਵਿੱਚ ਪਤਨੀ ਦੀ ਛੁਰੇਮਾਰੀ ਕਰਕੇ ਹੋਈ ਮੌਤ ਦੇ ਮਾਮਲੇ ਵਿੱਚ ਦੋਸ਼ੀ ਪਾਏ ਗਏ ਵਿਅਕਤੀ ਖ਼ਿਲਾਫ਼ ਕਤਲ ਦਾ ਟਰਾਇਲ ਸ਼ੁਰੂ ਹੋ ਗਿਆ ਹੈ। ਇਹ ਮਾਮਲਾ ਮਾਰਚ ਵਿੱਚ ਵਾਪਰੀ ਘਟਨਾ ਨਾਲ ਸੰਬੰਧਿਤ ਹੈ, ਜਿਸ ਵਿੱਚ 41 ਸਾਲਾ ਬਲਵਿੰਦਰ ਕੌਰ ਨੂੰ ਘਰ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਪਾਇਆ ਗਿਆ ਸੀ ਅਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ ਸੀ। ਅਦਾਲਤ ਵਿੱਚ ਪੇਸ਼ ਕੀਤੇ ਗਏ ਤੱਥਾਂ ਅਨੁਸਾਰ, 52 ਸਾਲਾ ਜਗਪ੍ਰੀਤ ਸਿੰਘ ਉੱਤੇ ਦੋ ਬੱਚਿਆਂ ਦੀ ਮਾਂ ਬਲਵਿੰਦਰ ਕੌਰ ਨੂੰ ਛੁਰੇ ਮਾਰ ਕੇ ਕਤਲ ਕਰਨ ਦਾ ਦੋਸ਼ ਹੈ। ਟਰਾਇਲ ਦੌਰਾਨ ਪ੍ਰੋਸੀਕਿਊਸ਼ਨ ਵੱਲੋਂ ਫੋਰੈਂਸਿਕ ਸਬੂਤਾਂ, ਪੁਲਿਸ ਜਾਂਚ ਅਤੇ ਗਵਾਹਾਂ ਦੇ ਬਿਆਨਾਂ ਨੂੰ ਅਦਾਲਤ ਸਾਹਮਣੇ ਰੱਖਿਆ ਜਾਵੇਗਾ, ਜਦਕਿ ਬਚਾਅ ਪੱਖ ਵੱਲੋਂ ਦੋਸ਼ਾਂ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਮਾਮਲੇ ਦੀ ਕਾਰਵਾਈ ਅਗਲੇ ਕਈ ਹਫ਼ਤਿਆਂ ਤੱਕ ਚੱਲਣ ਦੀ ਸੰਭਾਵਨਾ ਹੈ।

# ਵੈਨਕੂਵਰ ਸਥਿਤ ਭਾਰਤੀ ਦੂਤਘਰ ਚ ਹਿੰਦੀ ਦਿਵਸ ਮਨਾਇਆ

**ਵੈਨਕੂਵਰ, (ਮਲਕੀਤ ਸਿੰਘ)**– ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਜਨਰਲ ਵੱਲੋਂ ਸਥਾਨਕ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ ਫਰੇਜ਼ਰਵਿਊ ਬੈਂਕੁਇਟ ਹਾਲ ਵਿਖੇ ਵਿਸ਼ਵ ਹਿੰਦੀ ਦਿਵਸ ਮਨਾਇਆ ਗਿਆ। ਜਿਸ ਵਿੱਚ ਉੱਘੇ ਬੁੱਧੀਜੀਵੀਆਂ ਤੋਂ ਇਲਾਵਾ ਇਸ ਮੌਕੇ ਹਿੰਦੀ ਭਾਸ਼ਾ ਦੇ ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਪ੍ਰੋਗਰਾਮ ਦੀ ਸ਼ੁਰੂਆਤ ਮਾਣਯੋਗ ਪ੍ਰਧਾਨ ਮੰਤਰੀ ਦੇ ਸੰਦੇਸ਼ ਨੂੰ ਪੜ੍ਹ ਕੇ ਸੁਣਾਉਣ ਨਾਲ ਹੋਈ। ਪ੍ਰੋਗਰਾਮ ਵਿੱਚ ਵੱਖ-ਵੱਖ ਵਿਸ਼ਿਆਂ ‘ਤੇ ਹਿੰਦੀ ਭਾਸ਼ਣ, ਸੰਵਾਦ, ਕਵਿਤਾ ਪਾਠ, ਪੇਸ਼ਕਾਰੀ ਅਤੇ ਸੱਭਿਆਚਾਰਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ ਅਖੀਰ ਚ ਕੌਂਸਲ ਜਨਰਲ ਮੈਸਕੁਈ ਰੰਗਸੁੰਗ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਸਾਨੂੰ ਸਾਡੀ ਸੰਸਕ੍ਰਿਤੀ ਅਤੇ ਵਿਰਾਸਤ ਨਾਲ ਜੋੜਨ ਲਈ ਹਿੰਦੀ ਦੀ ਮਹੱਤਤਾ ਬਾਰੇ ਜਾਣੂ ਹੋਣਾ ਚਾਹੀਦਾ ਹੈ। ਉਹਨਾਂ ਕੈਨੇਡਾ ਵਿੱਚ ਹਿੰਦੀ ਦੇ ਪ੍ਰਚਾਰ ਲਈ ਕੰਮ ਕਰਨ ਵਾਲੇ ,ਸੱਭਿਆਚਾਰਕ ਸੰਗਠਨਾਂ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਪੰਜਾਬ ਦੇ ਬੋਧੀ ਭਾਈਚਾਰੇ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਤੋਂ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਦੀ ਮੰਗ

**ਜਲੰਧਰ, (ਪਰਮਜੀਤ ਜੱਸਲ)–** ਪੰਜਾਬ ਦੇ ਬੋਧੀ ਭਾਈਚਾਰੇ ਦੀ ਇੱਕ ਮੀਟਿੰਗ ਸ਼੍ਰੀ ਹੁਸਨ ਲਾਲ ਬੌਧ ਦੀ ਪ੍ਰਧਾਨਗੀ ਹੇਠ ਬੁੱਧ ਵਿਹਾਰ ਸਿਧਾਰਥ ਨਗਰ ,ਜਲੰਧਰ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਭਿਖਸ਼ੂ ਪ੍ਰਗਿਆ ਕੀਰਤੀ ਸੰਵਿਧਾਨ ਟ੍ਰੇਨਰ ਨੇ ਪੰਚਸ਼ੀਲ ਨਾਲ ਕੀਤੀ ਗਈ। ਮੀਟਿੰਗ ਵਿੱਚ ਪਹੁੰਚੇ ਬੁੱਧੀਜੀਵੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕੀਤੀ ਜਾਵੇ। ਘੱਟ ਗਿਣਤੀ ਕਮਿਸ਼ਨ ਪੰਜਾਬ ਵਿੱਚ ਬੋਧੀਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਬੌਧ



ਗਯਾ ਮੁਕਤੀ ਅੰਦੋਲਨ ਵਿੱਚ ਪੰਜਾਬ ਵੱਲੋਂ ਵੀ ਜਥੇ ਭੇਜੇ ਜਾਣਗੇ। ਬੁੱਧ ਧੰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਚੇਚੇ ਤੌਰ 'ਤੇ ਕਦਮ ਚੁੱਕੇ ਜਾਣਗੇ। ਮੀਟਿੰਗ 'ਚ ਐਡਵੋਕੇਟ ਹਰਭਜਨ ਸਾਂਪਲਾ, ਹੁਸਨ ਲਾਲ ਬੌਧ,ਮੁੰਨਾ ਲਾਲ ਬੌਧ, ਸੋਨੀ ਲਾਲ ਬੌਧ, ਬਬਲੂ ਗੌਤਮ ,ਬ੍ਰਿਜ ਲਾਲ ਗੌਤਮ, ਚੰਚਲ ਬੌਧ, ਵਰਿੰਦਰ ਬੌਧ, ਚਮਨ ਸਾਂਪਲਾ, ਬਲਦੇਵ ਜੱਸਲ ,ਹਰਮੇਸ਼ ਜੱਸਲ, ਲਵ ਗੌਤਮ, ਦਿਨੇਸ਼ ਬੌਧ, ਅਤੇ ਪ੍ਰਿੰਸੀਪਲ ਪਰਮਜੀਤ ਜੱਸਲ ਅਤੇ ਹੋਰ ਬਹੁਤ ਸਾਰੇ ਉਪਾਸਕਾਂ , ਬੁੱਧੀਜੀਵੀਆਂ ਨੇ ਹਿੱਸਾ ਲਿਆ।

# ਲੋਹੜੀ ਘੁਮਿਆਰੇ ਦੀ

ਘੁਮਿਆਰੇ ਸਾਡਾ ਘਰ ਤਿੰਨ ਗਲੀਆਂ ਤੇ ਸਥਿਤ ਸੀ। ਇੱਕ ਪਾਸੇ ਜਿਹੜੀ ਗਲੀ ਬੰਦ ਸੀ ਤਾਏ ਮਾੜੂ ( ਜਿਸ ਦਾ ਪੂਰਾ ਨਾਮ ਕੌਰ ਸਿੰਘ ਸੀ), ਚਾਚੀ ਜਸਕੁਰ ਅਤੇ ਚਾਚੀ ਨਿੱਕੋ ਦਾ ਘਰ ਸੀ। ਦੂਜੀ ਗਲੀ ਨੂੰ ਖੂਹਵਾਲੀ ਗਲੀ ਕਹਿੰਦੇ ਸਨ ਬਾਬਾ ਬਲਬੀਰ ਸਿੰਘ ਅਤੇ ਉਸਦੇ ਮੁੰਡੇ ਬਾਬੂ ਸਰਪੰਚ ਛੋਟੂ ਤੇ ਠਾਣਾ ਸਿੰਘ ਨਾਲ ਰਹਿੰਦੇ ਸੀ ਤੇ ਨਾਲ ਹੀ ਸਾਹਮਣੇ ਤਾਏ ਚਤਰੇ ਦਾ ਘਰ ਸੀ। ਉਸਦੇ ਬਿੱਲੂ ਤੇ ਮਿਸ਼ਰੀ ਦੋ ਮੁੰਡੇ ਸਨ। ਤਾਈ ਸੁਰਜੀਤ ਕੁਰ ਨਾਲ ਮੇਰੀ ਮਾਂ ਦੀ ਵਾਹਵਾ ਲਿਹਾਜ ਸੀ। ਤੇ ਸਾਹਮਣੀ ਗਲੀ ਵਿੱਚ ਕਿਸੇ ਦਾ ਦਰਵਾਜਾ ਨਹੀਂ ਸੀ। ਤਾਈ ਧੰਨੋ ਅਤੇ ਚਾਚੇ ਜੱਗਰ ਕੇ ਘਰ ਦੀ ਪਿੱਠ ਲਗਦੀ ਸੀ। ਅਸੀਂ ਸਾਰੇ ਘਰ ਮਿਲਕੇ ਸਾਂਝੀ ਲੋਹੜੀ ਪਾਉਂਦੇ। ਤਾਏ ਕੌਰ ਸਿੰਘ ਦਾ ਮੁੰਡਾ ਸ਼ਿੰਦਰ ਮੇਰਾ ਬੇਲੀ ਸੀ। ਚਾਚੀ ਜਸਕੁਰ ਦੇ ਮੁੰਡੇ ਤੇਜਾ ਤੇ ਜਗਰੀ ਸਾਡੇ ਤੋਂ ਵੱਡੇ ਸਨ ਤੇ ਤਾਈ ਸੁਰਜੀਤ ਕੁਰ ਦੇ ਮੁੰਡੇ ਵੀ। ਫਿਰ ਵੀ ਕਾਫੀ ਵੱਡੀ ਲੋਹੜੀ ਹੁੰਦੀ ਸੀ। ਹਰ ਘਰ ਟੋਕਰਾ ਪਾਥੀਆਂ ਦਾ ਪਾਉਂਦਾ। ਕੁਝ ਅਸੀਂ ਮੰਗਕੇ ਇਕੱਠੀਆਂ ਕਰ ਲੈਂਦੇ। ਗ਼ੀਹਰੇ ਜਿੱਡੀ ਲੋਹੜੀ ਪਾਉਂਦੇ। ਬਾਬੇ ਈਸ਼ਰ ਦਾ ਪਰਿਵਾਰ ਵੀ ਲੋਹੜੀ ਸੇਕਣ ਇੱਥੇ ਹੀ ਆਉਂਦਾ। ਓਹਨਾ ਦਾ ਘਰ ਤਾਈ ਸੁਰਜੀਤ ਕੁਰ ਦੇ ਘਰ ਦੇ ਨਾਲ ਲੱਗਦਾ ਸੀ। ਸਾਡੇ ਨੇੜੇ ਹੀ ਬਾਬੇ ਮੁਕੰਦ ਜਿਸ ਨੂੰ ਬਾਬਾ ਪੋਕਾ ਕਹਿੰਦੇ ਸਨ ਤੇ ਤਾਏ ਜੋਗਿੰਦਰ ਤਾਈ ਧੰਨੋ ਦੇ ਘਰ ਮੂਹਰੇ ਵੀ ਲੋਹੜੀ ਪਾਉਂਦੇ ਸਨ। ਚਾਚੇ ਜੱਗਰ ਕੇ ਅਤੇ ਤਾਏ ਜਸਵੰਤ ਕੇ ਤਾਈ ਦਾ ਨਾਮ ਕੌੜੀ ਸੀ, ਮੇਰੇ ਦਾਦੇ ਦੀ ਦੁਕਾਨ ਵੱਲ ਲੋਹੜੀ ਪਾਉਂਦੇ। ਮੁੰਡੇ ਸ਼ਰਾਰਤੀ ਹੁੰਦੇ ਸਨ। ਦੂਜੇ ਦੀ ਲੋਹੜੀ ਤੋਂ ਮੱਚਦੀ ਪਾਥੀ ਚੁੱਕਕੇ ਲ਼ੈ ਜਾਂਦੇ। ਜਿਸਨੂੰ ਲੋਹੜੀ ਵਿਆਉਣਾ ਆਖਿਆ ਜਾਂਦਾ ਸੀ। ਅਜਿਹੀ ਸ਼ਰਾਰਤ ਕਰਨ ਵਾਲੇ ਤੋਂ ਰਸਤੇ ਵਿੱਚ ਹੀ ਉਹ ਚੋਰੀ ਕੀਤੀ ਪਾਥੀ ਖੋਹਕੇ ਉਸਨੂੰ ਕੁੱਟਿਆ ਜਾਂਦਾ ਸੀ। ਹਰ ਕੋਈਂ ਆਪਣੀ ਲੋਹੜੀ ਦੀ ਨਿਗਰਾਨੀ ਕਰਦਾ ਤੇ ਦੂਸਰੀ ਲੋਹੜੀ ਸੇਕਣ ਆਏ ਮੁੰਡਿਆਂ ਤੇ ਨਜ਼ਰ ਰੱਖਦੇ। ਪਰ ਫਿਰ ਵੀ ਪਤਾ ਨਾ ਲੱਗਦਾ ਕੋਈਂ ਕਿਸੇ ਲੋਹੜੀ ਨੂੰ ਵਿਆਉਣ ਦੀ ਕੋਸ਼ਿਸ਼ ਕਰਦਾ। ਸਾਡੇ ਹਾਣੀ ਮੁੰਡੇ ਹੁੰਦੇ ਸਨ ਦੋਲਾ, ਕੌਰਾ, ਭੋਪਲ, ਮੁੰਦਰੀ, ਠੂਠਾ ਤੇ ਤਾਏ ਬੰਤ ਦੇ ਮੁੰਡੇ ਆਪਣੀ ਆਪਣੀ ਲੋਹੜੀ ਦੀ ਨਿਗਰਾਨੀ ਕਰਦੇ।

ਖਾਣ ਨੂੰ ਕੁਝ ਕੰ ਮੂੰਗਫਲੀਆਂ ਤੇ ਰੇਵੜੀਆਂ ਹੁੰਦੀਆਂ ਸਨ। ਸਾਰੇ ਲੋਹੜੀ ਤੇ ਤਿਲ ਸੁੱਟ ਕੇ ਸ਼ਗਨ ਵਿਚਾਰਦੇ ਤੇ ਲੋਹੜੀ ਉਪਰ ਦੀ ਮੂਲੀ ਵਾਰ ਕੇ ਖਾਂਦੇ। ਖਾਣ ਦਾ ਸਮਾਨ ਸੀਮਤ ਹੁੰਦਾ ਸੀ ਪਰ ਆਪਿਸ ਵਿੱਚ ਇਤਫ਼ਾਕ ਹੁੰਦਾ ਸੀ। ਕਈ ਘਰ ਆਪੇ ਗੁੜ ਪਾਕੇ ਬਣਾਏ ਬਾਜ਼ਰੀ ਮੱਕੀ ਕਣਕ ਛੋਲਿਆਂ ਦੇ ਮਰੂੰਡੇ ਵੀ ਵੰਡਦੇ।



ਪਿੰਡਾਂ ਵਿਚਲੀ ਲੋਹੜੀ ਹੀ ਅਸਲ ਲੋਹੜੀ ਹੁੰਦੀ ਸੀ।

**ਰਮੇਸ਼ ਸੇਠੀ ਬਾਦਲ**
**ਫੋਨ–9876627233**

# ਕੱਚਾ ਰਿਸ਼ਤਾ

ਰਾਜਪੁਰ ਪਿੰਡ ਵਿੱਚ ਰਹਿਣ ਵਾਲੀ ਸਰਬਜੀਤ ਇੱਕ ਸਾਧੀ, ਸੰਸਕਾਰੀ ਤੇ ਸਮਝਦਾਰ ਕੁੜੀ ਸੀ। ਉਹ ਪਿੰਡ ਦੇ ਮਾਹੌਲ ਵਿੱਚ ਪਲੀ-ਬੜੀ ਸੀ, ਜਿੱਥੇ ਇੱਜਤ, ਪਰਿਵਾਰ ਅਤੇ ਰਿਸ਼ਤਿਆਂ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਜਾਂਦਾ ਸੀ। ਕੁਝ ਮਹੀਨੇ ਪਹਿਲਾਂ ਉਸਦੀ ਮੰਗਣੀ ਸ਼ਹਿਰ ਵਿੱਚ ਨੌਕਰੀ ਕਰਦੇ ਲੜਕੇ ਮਨਪ੍ਰੀਤ ਨਾਲ ਹੋਈ ਸੀ। ਦੋਵੇਂ ਪਰਿਵਾਰ ਖੁਸ਼ ਸਨ, ਪਰ ਰਿਸ਼ਤਾ ਹਜੇ ਨਵਾਂ ਸੀ—ਕੱਚਾ ਸੀ।

ਮਨਪ੍ਰੀਤ ਪੜ੍ਹਿਆ-ਲਿਖਿਆ ਤੇ ਖੁੱਲ੍ਹੀ ਸੋਚ ਵਾਲਾ ਸੀ। ਇੱਕ ਦਿਨ ਉਸਨੇ ਸਰਬਜੀਤ ਨੂੰ ਫ਼ੋਨ ਕਰਕੇ ਕਿਹਾ,

"ਕੱਲ੍ਹ ਬੱਸ ਸਟੈਂਡ ਤੇ ਮਿਲੀਏ, ਇਕੱਲੇ ਬੈਠ ਕੇ ਗੱਲ ਕਰਾਂਗੇ। ਇਕ ਦੂਜੇ ਨੂੰ ਸਮਝਣਾ ਵੀ ਜ਼ਰੂਰੀ ਹੁੰਦਾ ਹੈ।"

ਫ਼ੋਨ ਰੱਖਣ ਤੋਂ ਬਾਅਦ ਸਰਬਜੀਤ ਕਾਫ਼ੀ ਦੇਰ ਤੱਕ ਸੋਚ ਵਿੱਚ ਡੁੱਬੀ ਰਹੀ। ਉਸਦਾ ਦਿਲ ਵੀ ਕਹਿੰਦਾ ਸੀ ਕਿ ਮਿਲ ਕੇ ਗੱਲ ਕੀਤੀ ਜਾਵੇ, ਪਰ ਉਸਦੇ ਮਨ ਵਿੱਚ ਲੋਕਾਂ ਦੀ ਨਜ਼ਰ ਅਤੇ ਸਭ ਤੋਂ ਵੱਧ ਪਰਿਵਾਰ ਦੀ ਇੱਜਤ ਦਾ ਖਿਆਲ ਆ ਗਿਆ। ਉਹ ਸੋਚ ਰਹੀ ਸੀ ਕਿ ਹਾਲੇ ਰਿਸ਼ਤਾ ਕੱਚਾ ਹੈ ਜੇਕਰ ਵਿਆਹ ਤੋਂ ਪਹਿਲਾਂ ਮਿਲਣ ਨਾਲ ਕੋਈ ਗੱਲ ਬਣ ਗਈ ਤੇ ਵਿਆਹ ਨਾ ਹੋਇਆ ਤਾਂ ਉਹ ਤੇ ਉਸ ਦੇ ਮਾਪੇ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹਿਣਗੇ।

ਆਖਿਰਕਾਰ ਉਸਨੇ ਮਨਪ੍ਰੀਤ ਨੂੰ ਸਾਫ਼ ਪਰ ਨਰਮੀ ਨਾਲ ਕਿਹਾ,

"ਮਾਫ਼ ਕਰਨਾ, ਹਜੇ ਰਿਸ਼ਤਾ ਕੱਚਾ ਹੈ। ਲੋਕ ਗੱਲਾਂ ਬਣਾਉਂਦੇ ਹਨ। ਮੈਂ ਆਪਣੇ ਮਾਪਿਆਂ ਦੀ ਇੱਜਤ ਨੂੰ ਕੋਈ ਠੇਸ ਨਹੀਂ ਪਹੁੰਚਾ ਸਕਦੀ।"

ਮਨਪ੍ਰੀਤ ਨੂੰ ਇਹ ਸੁਣ ਕੇ ਥੋੜ੍ਹਾ ਝਟਕਾ ਲੱਗਿਆ। ਉਸ ਨੇ ਕਿਹਾ "ਅੱਜ ਰਿਸ਼ਤਾ ਹੋਇਆ ਤਾਂ ਕੱਲ ਨੂੰ ਵਿਆਹ ਵੀ ਹੋ ਜਾਵੇਗਾ"।

ਉਸਨੇ ਸੋਚਿਆ ਕਿ ਸ਼ਾਇਦ ਸਰਬਜੀਤ ਉਸ 'ਤੇ ਭਰੋਸਾ ਨਹੀਂ ਕਰਦੀ ਜਾਂ ਉਸਨੂੰ ਗੰਭੀਰ ਨਹੀਂ ਲੈਂਦੀ। ਇਸ ਗਲਤ ਫ਼ਹਮੀ ਕਾਰਨ ਦੋਵੇਂ ਵਿਚਕਾਰ ਗੱਲਬਾਤ ਘੱਟ ਹੋ ਗਈ।

ਸਰਬਜੀਤ ਦੇ ਦਿਲ ਵਿੱਚ ਡਰ ਪੈਦਾ ਹੋ ਗਿਆ। ਉਹ ਰਾਤਾਂ ਨੂੰ ਸੋਚਦੀ ਰਹੀ—ਕਿਤੇ ਮੇਰੇ ਇਨਕਾਰ ਨਾਲ ਇਹ ਰਿਸ਼ਤਾ ਟੁੱਟ ਨਾ ਜਾਵੇ। ਪਰ ਉਸਦਾ ਜ਼ਮੀਰ ਉਸਨੂੰ ਸਾਂਤ ਕਰਦਾ ਰਿਹਾ ਕਿ ਉਸਨੇ ਗਲਤ ਕੁਝ ਨਹੀਂ ਕੀਤਾ।

ਕੁਝ ਦਿਨਾਂ ਬਾਅਦ ਮਨਪ੍ਰੀਤ ਨੇ ਹੌਸਲਾ ਕਰਕੇ ਆਪਣੇ ਮਾਪਿਆਂ ਨਾਲ ਪਿੰਡ ਆ ਕੇ ਸਰਬਜੀਤ ਦੇ ਮਾਪਿਆਂ ਨਾਲ ਗੱਲ ਕੀਤੀ। ਉਸਨੇ ਖੁੱਲ੍ਹੇ ਦਿਲ ਨਾਲ ਕਿਹਾ,

"ਤੁਹਾਡੀ ਧੀ ਨੇ ਮੇਰਾ ਨਹੀਂ, ਤੁਹਾਡੀ ਇੱਜਤ ਦਾ ਧਿਆਨ ਰੱਖਿਆ ਹੈ। ਅਜਿਹੀ ਸੋਚ ਵਾਲੀ ਕੁੜੀ ਨਾਲ ਰਿਸ਼ਤਾ ਨਿਭਾਉਣਾ ਮੈਨੂੰ ਮਾਣ ਦਿੰਦਾ ਹੈ।"

ਇਹ ਸੁਣ ਕੇ ਸਰਬਜੀਤ ਦੀਆਂ ਅੱਖਾਂ ਵਿੱਚ ਹੰਝੂ ਆ ਗਏ—ਪਰ ਇਹ ਹੰਝੂ ਡਰ ਦੇ ਨਹੀਂ, ਸੰਤੋਖ ਦੇ ਸਨ। ਕੱਚਾ ਰਿਸ਼ਤਾ ਸਮਝ, ਸੰਯਮ ਅਤੇ ਇੱਜਤ ਨਾਲ ਹੋਰ ਮਜ਼ਬੂਤ ਹੋ ਗਿਆ।



**ਅਸਿਸਟੈਂਟ ਪ੍ਰੋਫੈਸਰ**
**ਗੁਰਮੀਤ ਸਿੰਘ**
**ਸਰਕਾਰੀ ਕਾਲਜ**
**ਮਾਲੇਰਕੋਟਲਾ**
**9888881862**

# ਲੋਹੜੀ ਅਤੇ ਮਾਘੀ ਦੀਆਂ ਮਿੱਠੀਆਂ ਯਾਦਾਂ

ਮੇਰਾ ਘਰ ਪੰਜਾਬ ਵਿੱਚ ਸੰਗਰੂਰ ਵਿੱਚ ਹੈ। ਅੱਜ ਕੱਲ ਮੈਂ ਇੱਥੇ ਹਰਿਆਣਾ ਵਿੱਚ ਰੋਹਤਕ ਵਿੱਚ ਸੈਟਲ ਹੋ ਗਿਆ ਹਾਂ। ਲੇਕਿਨ ਮੇਰੀ ਆਤਮਾ ਆਪਣੇ ਗ੍ਰਹਿ ਨਗਰ ਸੰਗਰੂਰ ਅਤੇ ਪੰਜਾਬ ਦੀ ਬੇਹਤਰੀਨ ਸੰਸਕ੍ਰਿਤੀ ਨਾਲ ਜੁੜੀ ਹੋਈ ਹੈ। ਜਦੋਂ ਵੀ ਕੋਈ ਪੰਜਾਬ ਨਾਲ ਸੰਬੰਧਿਤ ਤਿਉਹਾਰ ਆਉਂਦਾ ਹੈ ਜਿਵੇਂ ਵਿਸਾਖੀ ਆਦਿ ਤਾਂ ਮੈਨੂੰ ਆਪਣੇ ਬਚਪਨ ਦੀਆਂ ਪੰਜਾਬ ਦੀਆਂ ਦਿਲ ਖੁਸ਼ ਕਰਨ ਵਾਲੀਆਂ ਗੱਲਾਂ ਯਾਦ ਆ ਜਾਂਦੀਆਂ ਹਨ। ਇਹਨਾਂ ਗੱਲਾਂ ਵਿੱਚੋਂ ਇੱਕ ਗੱਲ ਲੋਹੜੀ ਅਤੇ ਮਾਘੀ ਦੀ ਵੀ ਹੈ। ਹੁਣ ਮੈਂ ਵਡੇਰੀ ਉਮਰ ਵਿੱਚ ਪਹੁੰਚ ਗਿਆ ਹਾਂ ਲੇਕਿਨ ਮੇਰੀਆਂ ਬਚਪਨ ਦੀਆਂ ਯਾਦਾਂ ਐਵੇਂ ਤਾਜ਼ੀਆਂ ਹਨ ਜਿਵੇਂ ਕਿ ਕੱਲ ਦੀ ਗੱਲ ਹੋਈ ਹੋਵੇ। ਲੋਹੜੀ ਵਾਲੇ ਦਿਨ ਅਸੀਂ ਸਾਰੇ ਛੋਟੇ ਮੁੰਡੇ ਖੁੰਡੇ ਪਟਸਨ ਦੀ ਬਣੀ ਹੋਈ ਇੱਕ ਬੋਰੀ ਲੈ ਕੇ ਘਰ ਘਰ ਲੋਹੜੀ ਮੰਗਣ ਜਾਇਆ ਕਰਦੇ ਸੀ ਅਤੇ ਕਿਹਾ ਕਰਦੇ ਸੀ,,,, ਲੋਹੜੀ ਬਈ ਲੋਹੜੀ, ਤੇਰਾ ਮੁੰਡਾ ਚੜ ਗਿਆ ਘੋੜੀ,,, ਸੁੰਦਰੀਏ ਮੁੰਦਰੀਏ ਨੀ, ਤੇਰਾ ਕੌਣ ਵਿਚਾਰਾ, ਦੁੱਲਾ ਭੱਟੀ ਵਾਲਾ,,। ਕੋਈ ਸਾਨੂੰ ਲੱਕੜਾਂ ਪਾ ਦਿੰਦਾ ਸੀ, ਕੋਈ ਸਾਨੂੰ ਪਾਥੀਆਂ ਪਾ ਦਿੰਦਾ ਸੀ, ਕੋਈ ਪੈਸਾ ਦੋ ਪੈਸੇ ਦੇ ਦਿੰਦਾ ਸੀ ਅਤੇ ਕੋਈ ਝਿੜਕ ਕੇ ਭਜਾ ਦਿੰਦਾ ਸੀ। ਅਜਿਹੇ ਬੰਦੇ ਬਾਰੇ ਅਸੀਂ ਕਿਹਾ ਕਰਦੇ ਸੀ,,,,, ਕੋਠੇ ਤੇ ਹੁੱਕਾ, ਇਹ ਘਰ ਭੁੱਖਾ। ਕਦੇ ਕਦੇ ਅਸੀਂ ਸ਼ਹਿਰ ਤੋਂ ਬਾਹਰ ਕਿਸੇ ਬੀੜ ਵਿੱਚੋਂ ਦਰਖਤ ਕੱਟ ਕੇ ਲਿਆਉਂਦੇ ਸੀ, ਕਿਸੇ ਪਾਸਿਓਂ ਸੁਕੀ ਘਾਹ ਇਕੱਠੀ ਕਰਕੇ ਲਿਆਂਦੇ ਸੀ ਅਤੇ ਰਾਤ ਨੂੰ ਬੈਠ ਕੇ ਲੋਹੜੀ ਦੀ ਅੱਗ ਸੇਕਦੇ ਸੀ, ਇਸ ਮੌਕੇ ਤੇ ਮਹੱਲੇ ਦੇ ਵੱਡੇ ਵਡੇਰੇ ਵੀ ਲੋਹੜੀ ਮਨਾਉਣ ਵਾਸਤੇ ਆ ਜਾਂਦੇ ਸਨ। ਜਿਸ ਕਿਸੇ ਨੇ ਵੀ ਮੰਨਤ ਮੰਗੀ ਹੁੰਦੀ ਸੀ ਅਤੇ ਪੂਰੀ ਹੋ ਗਈ ਸੀ ਉਹ ਲੋਹੜੀ ਦੀ ਅੱਗ ਵਿੱਚ ਚਰਖਾ ਪਾਉਂਦਾ ਸੀ। ਉਥੇ ਆਉਣ ਵਾਲੇ ਪਰਿਵਾਰਾਂ ਦੇ ਬੰਦੇ ਰੇਵੜੀ, ਮੂੰਗਫਲੀ ਅਤੇ ਗਜਕ ਲੋਹੜੀ ਦੀ ਅੱਗ ਵਿੱਚ ਪਾਉਂਦੇ ਸੀ ਅਤੇ ਫਿਰ ਸਾਨੂੰ ਖਾਣ ਨੂੰ ਦੇ ਦਿੰਦੇ ਸੀ। ਕਈ ਵਾਰ ਅਸੀਂ ਸਵੇਰੇ ਤੱਕ ਲੋਹੜੀ ਦੀ ਅੱਗ ਸੇਕਦੇ ਰਹਿੰਦੇ ਸੀ। ਕੁਝ ਲੋਕ ਲੋਹੜੀ ਦੀ ਅੱਗ ਤੇ ਪਾਣੀ ਗਰਮ ਕਰਨ ਵਾਸਤੇ ਕੋਈ ਭਾਂਡਾ ਰੱਖ ਜਾਂਦੇ ਸੀ ਅਤੇ ਕੋਈ ਕੋਈ ਲੋਹੜੀ ਦੀ ਅੱਗ ਦੇ ਉੱਤੇ ਦਾਲ ਪੱਕਣ ਵਾਸਤੇ ਰੱਖ ਦਿੰਦਾ ਸੀ। ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਬੜੀ ਖੁਸ਼ੀਆਂ ਨਾਲ ਮਨਾਇਆ ਜਾਂਦਾ ਸੀ। ਸੰਗਰੂਰ ਤੋਂ ਥੋੜੀ ਦੂਰ ਇੱਕ ਪਿੰਡ ਹੈ ਮੰਗਵਾਲ। ਸਾਡੇ ਵਰਗੇ ਮਸਤ ਮੋਲਿਆਂ ਦੀ ਮੰਡਲੀ ਮੰਗਵਾਲ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਜਾਂਦੇ ਸੀ, ਉਥੇ ਖਾਣ ਵਾਸਤੇ ਖਿਚੜੀ ਅਤੇ ਚਾਹ ਰੱਜ ਕੇ ਮਿਲਦੀ ਸੀ। ਕਿੰਨੇ ਚੰਗੇ ਦਿਨ ਸਨ। ਠੰਡ ਨਹੀਂ ਸੀ ਲੱਗਦੀ। ਅੱਜ ਕੱਲ ਬੇਸ਼ੱਕ ਪੰਜਾਬ ਅਤੇ ਹਰਿਆਣਾ ਵਿੱਚ ਲੋਕ ਲੋਹੜੀ ਦਾ ਤਿਉਹਾਰ ਮਨਾਉਂਦੇ ਹੋਣ ਪਰ ਇਸ ਤਿਉਹਾਰ ਵਿੱਚ ਅੱਜ ਕੱਲ ਉਤਨਾ ਜੋਸ਼ ਅਤੇ ਲਗਨ ਨਹੀਂ ਜਿਹੜੀ ਅੱਜ ਤੋਂ 50 ਜਾਂ 60 ਸਾਲ ਪਹਿਲਾਂ ਹੁੰਦੀ ਸੀ। ਅੱਜ ਕੱਲ ਮਹਿੰਗਾਈ ਬਹੁਤ ਵੱਧ ਗਈ ਹੈ। ਪਹਿਲਾਂ ਦੀ ਤਰ੍ਹਾਂ ਲੋਕ ਰਲ ਮਿਲ ਕੇ ਲੋਹੜੀ ਨਹੀਂ ਮਨਾਉਂਦੇ। ਬਲਕਿ ਆਪਣੇ ਘਰਾਂ ਵਿੱਚ ਹੀ ਇੱਕ ਤਸਲੇ ਵਿੱਚ ਲੱਕੜਾਂ ਜਲਾ ਕੇ ਫੋਰਮੈਲਟੀ ਪੂਰੀ ਕਰ ਦਿੰਦੇ ਹਨ। ਸਾਡੇ ਤਿਉਹਾਰ ਹੀ ਸਾਡੀ ਸੰਸਕ੍ਰਿਤੀ ਹਨ ਇਨ੍ਹਾਂ ਨੂੰ ਜੋਸ਼ ਨਾਲ ਅਤੇ ਲਗਨ ਨਾਲ ਮਨਾਉਣਾ ਚਾਹੀਦਾ ਹੈ। ਸਾਰੇ ਪਾਠਕਾਂ ਨੂੰ ਲੋਹੜੀ ਅਤੇ ਮਾਘੀ ਦੀਆਂ ਬਹੁਤ ਬਹੁਤ ਵਧਾਈਆਂ। ਸਤਿ ਸ੍ਰੀ ਅਕਾਲ ਜੀ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ ਮੋਬਾਇਲ 94 1635 9045**

# ਲੋਹੜੀ ਦੀਆਂ ਵਧਾਈਆਂ ਹੋ !

ਸੁੰਦਰ ਮੁੰਦਰੀਏ ਨੀ ! ਤੇਰਾ ਕੌਣ ਵਿਚਾਰਾ ਹੋ !ਦੁੱਲਾ ਭੱਟੀ ਵਾਲਾ ਹੋ ! ਦੁੱਲੇ ਧੀ ਵਿਆਹੀ ਹੋ !ਸੇਰ ਸ਼ਕਰ ਪਾਈ ਹੋ !ਲਾਲ ਪਟਾਕਾ ਹੋ ! ਕੁੜੀ ਦਾ ਸ਼ਾਲੂ ਪਾਟਾ ਹੋ ! ਸ਼ਾਲੂ ਕੌਣ ਸਮੇਟੇ ! ਚਾਚਾ ਗਾਲੀ ਦੇਸੇ !ਚਾਚੇ ਚੂਰੀ ਕੁੱਟੀ ! ਜਿਮੀਦਾਰਾਂ ਲੁੱਟੀ !ਜ਼ਿਮੀਦਾਰ ਸੁਧਾਏ ! ਇੱਕ ਭੋਲਾ ਰਹਿ ਗਿਆ !ਸਿਪਾਹੀ ਫੜ ਕੇ ਲੈ ਗਿਆ ! ਸਿਪਾਹੀ ਨੇ ਮਾਰੀਆਂ ਇੱਟਾਂ ! ਭਾਵੇਂ ਰੋਵਾਂ ਭਾਵੇਂ ਪਿੱਟਾਂ ! ਤੇਰੀ ਜੀਵੇ ਜੋੜੀ !ਲੋਹੜੀ ਦਿਓ ਜੀ ਲੋਹੜੀ !ਕੁੜੀ ਦਾ ਕੌਣ ਵਿਚਾਰਾਹੋ !ਦੁੱਲਾ ਭੱਟੀ ਵਾਲਾ ਹੋ !ਲੋਹੜੀ ਬਈ ਲੋਹੜੀ !

ਦੁੱਲਾ ਭੱਟੀ(ਰਾਏ ਅਬਦੁਲਾ ਖਾਨ) ਸੀ ਬਹਾਦਰ, ਗਰੀਬਾਂ,ਨਿਤਾਣਿਆਂ ਦਾ ਮੱਦਦਗਾਰ। ਮਜ਼ਲੂਮਾਂ ਦਾ ਰੱਖਵਾਲਾ ਤੇ ਸਹਾਇਤਾ ਕਰਨ ਵਾਲਾ, ਆਧੁਨਿਕ ਰੋਬਿਨਹੁੱਡ ਦਾ ਨਿਭਾਉਂਦਾ ਸੀ ਕਿਰਦਾਰ। ਅਕਬਰ ਬਾਦਸ਼ਾਹ ਦਾ ਕੀਤਾ ਵਿਰੋਧ,ਦਾਦਾ ਸੰਦਲ ਭੱਟੀ ਤੇ ਪਿੱਉ ਫਰੀਦ ਖਾਨ। ਕਿਉਂ ਜੋ ਉਹ ਇਕੱਠਾ ਕਰਦਾ ਸੀ ਭੂਮੀ ਲਗਾਨ। ਸਿਰ ਵੱਢਕੇ ਉਨ੍ਹਾਂ ਦੇ,ਖੱਲਾਂ ਚ ਭਰ ਕੇ ਫੂਸ, ਲਾਹੌਰ ਦੇ ਮੁੱਖ ਗੇਟਾਂ ਤੇ ਟੰਗੇ। ਲੋਕਾਂ ਵਿੱਚ, ਦਹਿਸ਼ਤ ਪਾਉਣ ਲਈ, ਅਪਣਾਏ ਹੱਥ ਕੰਡੇ। ਪਿਉ ਦੀ ਸ਼ਹਾਦਤ ਤੋਂ ਚਾਰ ਮਹੀਨੇ ਬਾਅਦ ਜੰਮਿਆ ਦੁਲਾ ਭੱਟੀ।ਉਸੇ ਦਿਨ ਅਕਬਰ ਦੇ, ਜੰਮਿਆ ਸੀ ਪੁੱਤ ਸ਼ੇਖੂ, ਦੁੱਧ ਚੁੰਘਾਵੀ ਰੱਖਿਆ ਮਾਂ ਲੱਧੀ। ਜੁਆਨ ਹੋਏ ਦੁਲੇ ਨੇ, ਪਹਿਲਾਂ ਚੰਦੇੜ ਨਾਨਕਿਆਂ ਨੂੰ ਸੋਧਿਆ, ਜਿਨ੍ਹਾਂ ਸਾਰ ਨਾ ਲਈ, ਅਪਣੀ ਭੈਣ ਲੱਧੀ ਦੀ। ਉਨ੍ਹਾਂ ਦੀਆਂ ਘੇਰਕੇ ਲੁੱਟੀਆਂ ਲਵੇਰੀਆਂ, ਲਿਆਕੇ ਅਪਣੇ ਪਿੰਡ, ਗਰੀਬਾਂ ਵਿੱਚ ਵੰਡੀਆਂ।ਇੱਕ ਹੋਰ ਸੌਦਾਗਰ ਪੰਜ ਸੌ ਘੋੜੀਆਂ ਲੈਕੇ ਸੀ ਲੰਘ ਰਿਹਾ,ਖੋਹ ਕੇ ਉਹ ਵੀ, ਗਰੀਬਾਂ ਨੂੰ ਵੰਡੀਆਂ। ਇੱਕ ਬ੍ਰਾਹਮਣ ਦੀਆਂ ਦੋ ਜਵਾਨ ਧੀਆਂ ਤੇ ਅੱਖ ਸੀ ਅਕਬਰ ਦੀ। ਬ੍ਰਾਹਮਣ ਨੂੰ ਭਿਣਕ ਪਈ,ਸੰਪ੍ਰਕ ਕੀਤਾ, ਦੁਲੇ ਨੂੰ ਵਿੱਚ ਜੰਗਲ। ਸਹੁਰਿਆਂ ਵੀ ਡਰਦੇ ਮਾਰੇ,ਰਾਤ ਨੂੰ ਹੀ ਰਚਿਆ ਸਵੰਬਰ। ਇੱਕ ਲੱਪ ਸ਼ੱਕਰ ਤੋਂ ਇਲਾਵਾ, ਦੁਲੇ ਕੋਲ ਕੁਝ ਵੀ ਨ੍ਹੀਂ ਸੀ। ਦਹੇਜ ਲਈ ਦਾਣੇ, ਗੁੜ, ਸ਼ੱਕਰ, ਹੋਰ ਵਸਤਾਂ ਕੀਤੀਆਂ ਕੱਠੀਆਂ। ਰੋਸ਼ਨੀ ਦਾ ਪ੍ਰਬੰਧ ਕੀਤਾ,ਜੰਗਲ ਵਿੱਚ, ਲੱਕੜਾਂ ਦੀ ਧੂਣੀ ਬਾਲਕੇ।ਉਦੋਂ ਤੋਂ ਹੀ ਚਲਿਆ ਰਿਵਾਜ ਲੋਹੜੀ ਮਨਾਉਣ ਦਾ ਧੂਣੀ ਬਾਲਕੇ।


ਥੋਡਾ ਮੁੰਡਾ ਚੜ੍ਹੂਗਾ ਘੋੜੀ ! ਘੋੜੀ ਚੜ ਕੇ ਤੀਰ ਚਲਾਇਆ ! ਤੀਰ ਵੱਜਿਆ ਕਿੱਕਰ ਤੇ ! ਸਿੰਨ੍ਹ ਕੇ ਨਿਸ਼ਾਨਾ ਤੁੱਕੇ ਤੇ ! ਜਿਹੜੇ ਲੋਹੜੀ ਨ੍ਹੀਂ ਦਿੰਦੇ ! ਉਹ ਟੱਬਰ ਭੁੱਖੇ ਨੇ ! ਲੋਹੜੀ ਬਈ ਲੋਹੜੀ ! ਆਧੁਨਿਕ ਲੋਹੜੀ ਆਈ ਹੋ ! ਵਧਾਈਆਂ ਜੀ ! ਵਧਾਈਆਂ !! ਵੱਧ ਵੱਧ ਵਧਾਈਆਂ ਜੀ ! ਰਿਉੜੀਆਂ ਵੰਡੀਆਂ ਜਾਣ ਹੋ ! ਗੱਚਕ ਵੰਡੀ ਜਾਵੇ ਹੋ ! ਸੋਨ-ਪਾਪੜੀ ਵੰਡੀ ਜਾਵੇ ਹੋ ! ਪਤੀਸਾ ਵੰਡਿਆ ਜਾਵੇ ਹੋ ! ਘਰ ਖੁਸ਼ੀਆਂ ਨਾਲ ਭਰ ਜਾਵੇ ਹੋ ! ਰੱਬ ਰਹਿਮਤਾਂ ਦੇ ਢੇਰ ਲਾਵੇ ਹੋ ! ਦੁੱਖ ਦਲਿੱਦਰ ਘਰੋਂ ਭਜਾਵੇ ਹੋ ! ਪਰਿਵਾਰਿਕ ਸਾਂਝਾਂ ਵਧਾਵੇ ਹੋ ! ਤੂਰ, ਲੋਹੜੀ ਦੀਆਂ ਲੱਖ ਲੱਖ ਵਧਾਈਆਂ ਭਿਜਵਾਵੇ ਹੋ ! ਨਾਲੇ ਵੰਡੇ ਤੇ ਨਾਲੇ ਖਾਵੇ ਹੋ !




**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ**
**ਫੋਨ ਨੰਬਰ : 9878469639**


# ਪੁਸਤਕਾਂ ਦੀ ਐਡਵਰਟਾਈਜ਼ਮੈਂਟ


## ਗਿਆਨ ਅਤੇ ਦਾਨ ਨਾਲ-ਨਾਲ
















**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

# ਪਤੰਗਬਾਜ਼ੀ ਜਾਂ ਮੌਤ ਦਾ ਖੇਲ

## ਆਪਣੀਆਂ ਗਲਤੀਆਂ ਦਾ ਉਲਾਂਭਾ 'ਰੱਬ' ਦੇ ਸਿਰ ਧਰ ਕੇ ਸੁਰਖਰੂ ਨੀ ਹੋ ਸਕਦੇ ਅਸੀਂ

ਲੰਘੀ ਤਰੀਕ ਦੀ ਖ਼ਬਰ ਹੈ ਸੰਗਰੂਰ ਦੇ ਪਿੰਡ ਤੁੰਗਾਂ ਦਾ ਛੇਵੀਂ ਜਮਾਤ ਵਿੱਚ ਪੜ੍ਹਦਾ 12 ਸਾਲਾ ਮਾਪਿਆਂ ਦਾ ਇਕਲੌਤਾ ਪੁੱਤਰ ਹਰਜੋਤ ਸਿੰਘ ਪਤੰਗ ਉਡਾਉਂਦਾ ਤੀਜੀ ਮੰਜ਼ਲ ਤੋਂ ਹੇਠਾਂ ਡਿੱਗ ਕੇ ਦਮ ਤੋੜ ਗਿਆ। ਅਣਗਹਿਲੀ ਕਹਿ ਲਓ ਜਾਂ ਲਾਪਰਵਾਹੀ, ਇਸ ਮੰਦਭਾਗੀ ਘਟਨਾ ਨੇ ਹੱਸਦੇ-ਖੇਡਦੇ ਪਰਿਵਾਰ ਦੀਆਂ ਖੁਸ਼ੀਆਂ ਉਜਾੜ ਦਿੱਤੀਆਂ। ਪਲਾਂ ਵਿੱਚ ਮਾਸੂਮ ਜਿੰਦ ਹੈ ਤੋਂ ਸੀ ਹੋ ਗਈ। ਮਨਹੂਸ ਖਬਰ ਸੁਣ ਕੇ ਸਰੀਰ ਕੰਬ ਗਿਆ ਤੇ ਹਿਰਦਾ ਝੰਜੋੜਿਆ ਗਿਆ ਪਰ ਜੋ ਹੋਣਾ ਸੀ ਹੋ ਗਿਆ, ਕਰ ਵੀ ਕੀ ਸਕਦੇ ਹਾਂ। ਇਹੀ ਕਹਿ ਸਕਦੇ ਹਾਂ,ਜੋ ਭਾਣਾ ਵਰਤਣਾ ਸੀ ਉਹ ਤਾਂ ਵਾਪਰ ਗਿਆ, ਅਗਾਂਹ ਲਈ ਸੋਚੋ, ਸਮਝੋ ਤੇ ਵਿਚਾਰੋ। ਗੌਰ ਕਰੀਏ ਤਾਂ ਕੋਈ ਪਹਿਲੀ ਵਾਰ ਇਸ ਤਰਾਂ ਦੀ ਦੁਰਘਟਨਾ ਨੀ ਹੋਈ। ਸਗੋਂ ਹਰ ਸਾਲ ਹੀ ਅਜਿਹੀਆਂ ਖ਼ਬਰਾਂ ਸੁਣਨ ਵਿੱਚ ਆਉਂਦੀਆਂ ਨੇ। ਮੇਰੇ ਜਿਹੇ ਹੋਰ ਕਈ ਹਰ ਸਾਲ ਰੌਲਾ ਪਾਉਂਦੇ ਨੇ ਪਰ ਕੋਈ ਅਸਰ ਨੀ ਹੁੰਦਾ। ਫਿਰ ਵੀ ਡੂੰਘਾਈ ਨਾਲ ਸੋਚੀਏ ਤੇ ਸਮਝੀਏ ਤਾਂ ਇਹ ਘਟਨਾ ਉਨ੍ਹਾਂ ਮਾਪਿਆਂ ਲਈ ਇੱਕ ਗੰਭੀਰ ਚੇਤਾਵਨੀ ਹੈ ਜਿਨ੍ਹਾਂ ਦੇ ਬੱਚੇ ਪਤੰਗ ਉਡਾਉਣ ਦੇ ਸ਼ੌਕੀਨ ਹਨ। ਪਹਿਲਾ ਜ਼ਮਾਨਾ ਹੋਰ ਸੀ, ਓਦੋਂ ਲੋਕ ਘਰਾਂ ਤੋਂ ਬਾਹਰ ਖੁੱਲੇ ਮੈਦਾਨਾਂ ਵਿੱਚ ਪਤੰਗ ਉਡਾਉਂਦੇ ਸਨ। ਘਰ ਵੀ ਕੱਚੇ ਤੇ ਉਚਾਈ ਵਿੱਚ ਘੱਟ ਹੁੰਦੇ ਸਨ ਤੇ ਹੇਠਾਂ ਵਿਹੜੇ ਵੀ ਕੱਚੇ ਹੁੰਦੇ ਸਨ। ਜੇ ਕਿਤੇ ਕੋਈ ਡਿੱਗ ਵੀ ਜਾਂਦਾ ਸੀ ਤਾਂ ਵੱਧ ਤੋਂ ਵੱਧ ਲੱਤ/ਬਾਂਹ ਟੁੱਟ ਜਾਂਦੀ ਸੀ ਪਰ ਹੁਣ ਦੋ-ਦੋ ਤਿੰਨ-ਤਿੰਨ ਮੰਜ਼ਲਾਂ ਪੱਕੇ ਘਰ ਨੇ, ਹੇਠਾਂ ਫ਼ਰਸ਼ ਵੀ ਪੱਕੇ ਨੇ ਤੇ ਜੇਕਰ ਕੋਈ ਡਿੱਗਦਾ ਹੈ ਤਾਂ ਸਿੱਧਾ ਸਿਰ ਫਟਦਾ ਹੈ। ਜੇ ਮੌਤ ਨੀ ਤਾਂ ਭਿਆਨਕ ਸੱਟ ਤਾਂ ਪੱਕੀ। ਉੱਪਰੋਂ ਮਾਪੇ ਅੱਖਾਂ ਮੀਚੀ ਬੈਠੇ ਰਹਿੰਦੇ ਨੇ। ਕਿਤੇ ਪੀ ਜੀ ਆਈ, ਡੀ ਐਮ ਸੀ ਜਾਂ ਕਿਸੇ ਹੋਰ ਵੱਡੇ ਹਸਪਤਾਲ ਜਾ ਕੇ ਵੇਖੋ, ਬਿਸਤਰ ਤੇ ਪਏ ਬੱਚੇ ਵੇਖ ਕੇ ਅੱਖਾਂ ਖੁੱਲ ਜਾਣਗੀਆਂ। ਵੈਸੇ ਇਸ ਮਾਮਲੇ ਵਿੱਚ ਬਾਹਰਲੇ ਦੇਸ਼ਾਂ ਵਾਲਿਆਂ ਦੀ ਤਕਨੀਕ ਸਹੀ ਲੱਗਦੀ ਹੈ, ਜਿਹਨਾਂ ਨੇ ਸਮਤਲ ਛੱਤਾਂ ਵਾਲਾ ਸਿਆਪਾ ਹੀ ਮੁਕਾ ਰੱਖਿਆ ਹੈ। ਬੱਚੇ ਤਾਂ ਚਲੋ ਬੱਚੇ ਹੋਏ, ਬੇਸਮਝ ਤੇ ਨਾਦਾਨ ਕਹਿ ਲਓ ਪਰ ਕਈ ਵੱਡੀ ਉਮਰ ਦੇ ਨੌਜਵਾਨ ਵੀ ਇਹ ਅਵੱਲਾ ਜਿਹਾ ਸ਼ੌਂਕ ਪਾਲੀ ਫਿਰਦੇ ਨੇ। ਮੋਹਰੀ ਬਣ ਕੇ ਪਤੰਗ ਉਡਾਉਂਦੇ ਨੇ। ਆਪਣੀ ਗੱਲ ਕਰਾਂ ਤਾਂ ਮੇਰੇ ਪਿਓ ਨੇ ਪਤੰਗ, ਬੰਟੇ ਤੇ ਗੁੱਲੀ-ਡੰਡਾ ਤਿੰਨਾਂ ਦੇ ਨੇੜੇ ਨੀ ਜਾਣ ਦਿੱਤਾ ਮੈਨੂੰ। ਤਾਂ ਫਿਰ ਮੇਰਾ ਕੀ ਘਟ ਗਿਆ? ਕੁਝ ਸੋਚ ਕੇ ਈ ਵਰਜਿਆ ਹੋਊ ਤੇ ਜਿਹੜੇ ਇਹ ਖੇਡਾਂ ਖੇਡਦੇ ਰਹੇ, ਉਹ ਕਿਹੜਾ ਸੋਨ ਤਮਗੇ ਜਿੱਤ ਲਿਆਏ।

ਪਤੰਗ ਉਡਾਉਣ ਵਾਲਿਆਂ ਦਾ ਤਾਂ ਜਿਹੜਾ ਨੁਕਸਾਨ ਹੁੰਦਾ, ਉਹ ਹੁੰਦਾ ਹੀ ਹੈ ਪਰ ਸਕੂਟਰ, ਮੋਟਰਸਾਈਕਲ ਜਾਂ ਪੈਦਲ ਜਾਣ ਵਾਲੇ ਰਾਹਗੀਰ ਬੇਵਜ੍ਹਾ ਹੀ ਰਗੜੇ ਜਾਂਦੇ ਹਨ। ਜਦ ਕਿਧਰੇ ਚਾਈਨਾ ਡੋਰ ਵਿੱਚ ਉਲਝਦੇ ਨੇ ਤਾਂ ਨੌਬਤ ਗਲ਼ ਵੱਢ ਹੋਣ ਤੱਕ ਚਲੇ ਜਾਂਦੀ ਹੈ। ਹਾਂ ਸੱਚ, ਇੱਥੇ ਇੱਕ ਗੱਲ ਹੋਰ ਵੀ ਕਰਨੀ ਬਣਦੀ ਹੈ, ਆ ਜਿਹਨੂੰ ਚਾਈਨਾ ਡੋਰ ਕਹਿ ਕੇ ਚਾਈਨਾ ਸਿਰ ਇਲਜ਼ਾਮ ਮੜ੍ਹ ਦਿੰਦੇ ਹਾਂ, ਇਹ ਵਾ ਸਾਡੇ ਐਥੇ ਆਪਣੇ ਮੁਲਕ ਵਿੱਚ ਹੀ ਬਣਦੀ ਹੈ। ਚਾਈਨਾ ਤਾਂ ਐਵੇਂ ਬਦਨਾਮ ਕਰ ਰਹੇ ਹਾਂ ਅਸੀਂ। ਆਹ ਜਿਹੜੇ ਲੰਗੜੇ ਹੋਏ ਪੰਛੀ ਤੇ ਜਨੌਰ ਦੇਖਦੇ ਹਾਂ ਇਹ ਵੀ ਪਤੰਗ ਵਾਲੀ ਡੋਰ ਦਾ ਹੀ ਕਮਾਲ ਹੈ। ਆਏ ਸਾਲ ਪਤਾ ਨੀ ਕਿੰਨੇ ਕੁ ਪੰਛੀ ਮਰਦੇ ਜਾਂ ਫਿਰ ਅੰਗਹੀਣ ਹੁੰਦੇ ਨੇ।

ਜੇਕਰ ਇਸ ਮਸਲੇ ਨੂੰ ਸੁਲਝਾਉਣ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਤਾਂ ਪ੍ਰਸ਼ਾਸਨ ਨੂੰ ਹੀ ਪਤੰਗਬਾਜ਼ੀ ਤੇ ਰੋਕ ਲਾ ਦੇਣੀ ਚਾਹੀਦੀ ਹੈ। ਜੇਕਰ ਕਿਸੇ ਕਾਰਨ ਵੱਸ ਪ੍ਰਸ਼ਾਸਨ ਅਜਿਹਾ ਨਹੀਂ ਕਰ ਪਾਉਂਦਾ ਤਾਂ ਮੋਟਰ ਵਹੀਕਲ ਐਕਟ ਦੀ ਤਰਾਂ ਹੀ ਨਾਬਾਲਗ ਬੱਚਿਆਂ ਦੀ ਲਾਪਰਵਾਹੀ ਤੇ ਗਲਤੀਆਂ ਦੀ ਸਜ਼ਾ ਉਨ੍ਹਾਂ ਦੇ ਮਾਪਿਆਂ ਸਿਰ ਮੜ੍ਹ ਹੋਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਵਰਜ਼ਣ ਤੇ ਸਮਝਾਉਣ ਲਈ ਮਜਬੂਰ ਅਤੇ ਜ਼ੁੰਮੇਵਾਰ ਹੋ ਜਾਣ। ਕਥਿਤ ਚਾਈਨਾ ਡੋਰ ਨੂੰ ਫੜਨ ਲਈ ਵੀ ਇਹੀ ਤਕਨੀਕ ਕਾਰਗਰ ਸਾਬਤ ਹੋਵੇਗੀ ਤੇ ਵਧੀਆ ਰਹੇਗੀ। ਪਹਿਲਾਂ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਜ਼ਰੀਏ ਦੁਕਾਨਦਾਰ ਨੂੰ ਫੜਿਆ ਜਾਵੇ ਤੇ ਫਿਰ ਉਹਨਾਂ ਦੁਕਾਨਦਾਰਾਂ ਜ਼ਰੀਏ ਡਿਸਟ੍ਰੀਬਿਊਟਰਾਂ ਨੂੰ ਫੜ ਕੇ ਨੱਥ ਪਾਈ ਜਾਵੇ।

ਅੰਤ ਵਿੱਚ ਬੇਧਿਆਨੀ ਤੇ ਅਣਗਹਿਲੀ, ਲਾਪਰਵਾਹੀ, ਉੱਚੀਆਂ ਛੱਤਾਂ 'ਤੇ ਬਿਨਾਂ ਨਿਗਰਾਨੀ ਦੇ ਬੱਚਿਆਂ ਦਾ ਹੋਣਾ ਤੇ ਪਤੰਗ ਉਡਾਉਣ ਲਈ ਵਰਤੀਆਂ ਜਾਂਦੀਆਂ ਖਤਰਨਾਕ ਡੋਰਾਂ, ਅਜਿਹੇ ਭਿਆਨਕ ਹਾਦਸਿਆਂ ਨੂੰ ਸੱਦਾ ਦਿੰਦੇ ਹਨ। ਸਮੂਹ ਮਾਪਿਆਂ ਨੂੰ ਸੁਝਾਅ ਹੈ, ਕਿਰਪਾ ਕਰਕੇ ਆਪਣੇ ਬੱਚਿਆਂ 'ਤੇ ਨਜ਼ਰ ਰੱਖੋ ਅਤੇ ਉਨ੍ਹਾਂ ਨੂੰ ਖੁੱਲੇ ਮੈਦਾਨਾਂ ਤੇ ਸੁਰੱਖਿਅਤ ਥਾਵਾਂ 'ਤੇ ਹੀ ਖੇਡਣ ਲਈ ਪ੍ਰੇਰਿਤ ਕਰੋ, ਤਾਂ ਜੋ ਕਿਸੇ ਹੋਰ ਮਾਂ ਦੀ ਗੋਦ ਸੁੰਨੀ ਨਾ ਹੋਵੇ।



ਗੁਰਜਿੰਦਰ ਸਿੰਘ
ਸਾਹਦੜਾ
9815302341

# ਮਾਘੀ—ਪੰਜਾਬੀ ਇਤਿਹਾਸ, ਸ਼ਹਾਦਤ ਅਤੇ ਨਵੀਂ ਆਸ ਦਾ ਤਿਉਹਾਰ



ਮਾਘੀ ਪੰਜਾਬ ਦਾ ਇੱਕ ਮਹੱਤਵਪੂਰਨ ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਤਿਉਹਾਰ ਹੈ, ਜੋ ਹਰ ਸਾਲ ਮਾਘ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਿਰਫ਼ ਮੌਸਮ ਦੇ ਬਦਲਾਅ ਦੀ ਨਿਸ਼ਾਨੀ ਨਹੀਂ, ਸਗੋਂ ਪੰਜਾਬੀ ਕੌਮ ਦੀ ਸ਼ਹਾਦਤ, ਹਿੰਮਤ ਅਤੇ ਆਤਮ-ਗੌਰਵ ਦਾ ਪ੍ਰਤੀਕ ਵੀ ਹੈ। ਮਾਘੀ ਦਾ ਸਭ ਤੋਂ ਵੱਡਾ ਇਤਿਹਾਸਕ ਮਹੱਤਵ ਸ੍ਰੀ ਮੁਕਤਸਰ ਸਾਹਿਬ ਨਾਲ ਜੁੜਿਆ ਹੋਇਆ ਹੈ। ਇੱਥੇ 1705 ਵਿੱਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਚਾਲੀ ਮੁਕਤਿਆਂ ਨੇ ਅਣਮਿੱਟੀ ਸ਼ਹਾਦਤ ਦਿੱਤੀ। ਇਹ ਉਹੀ ਸਿੰਘ ਸਨ, ਜਿਨ੍ਹਾਂ ਨੇ ਪਹਿਲਾਂ ਗੁਰੂ ਸਾਹਿਬ ਦਾ ਸਾਥ ਛੱਡ ਦਿੱਤਾ ਸੀ, ਪਰ ਬਾਅਦ ਵਿੱਚ ਪਸ਼ਚਾਤਾਪ ਕਰਕੇ ਮੁੜ ਧਰਮ ਅਤੇ ਸੱਚ ਦੀ ਰੱਖਿਆ ਲਈ ਜੰਗ ਦੇ ਮੈਦਾਨ ਵਿੱਚ ਉਤਰ ਆਏ। ਉਨ੍ਹਾਂ ਦੀ ਇਸ ਬਲਿਦਾਨੀ ਆਤਮਾ ਨੂੰ ਗੁਰੂ ਸਾਹਿਬ ਨੇ “ਮੁਕਤੇ” ਕਹਿ ਕੇ ਸਨਮਾਨਿਤ ਕੀਤਾ। ਇਸ ਕਰਕੇ ਮਾਘੀ ਦਾ ਦਿਨ ਸ਼ਹੀਦੀ ਦਿਹਾੜੇ ਵਜੋਂ ਵੀ ਮਨਾਇਆ ਜਾਂਦਾ ਹੈ।

ਇਸ ਮੌਕੇ ਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਵਿਸ਼ਾਲ ਮੇਲਾ ਲੱਗਦਾ ਹੈ, ਜਿੱਥੇ ਦੂਰ-ਦੂਰ ਤੋਂ ਲੱਖਾਂ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਹਨ। ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨਾ, ਗੁਰਦੁਆਰਿਆਂ ਵਿੱਚ ਕੀਰਤਨ-ਦੀਵਾਨ, ਅਖੰਡ ਪਾਠ ਅਤੇ ਲੰਗਰ ਦੀ ਸੇਵਾ ਮਾਘੀ ਦੇ ਤਿਉਹਾਰ ਦੀ ਵਿਸ਼ੇਸ਼ ਪਹਿਚਾਣ ਹਨ। ਇਹ ਸਭ ਕੁਝ ਸੇਵਾ, ਸਮਰਪਣ ਅਤੇ ਸਮਾਨਤਾ ਦਾ ਸੁਨੇਹਾ ਦਿੰਦਾ ਹੈ।

ਮਾਘੀ ਸਿਰਫ਼ ਧਾਰਮਿਕ ਤਿਉਹਾਰ ਹੀ ਨਹੀਂ, ਸਗੋਂ ਕਿਸਾਨਾਂ ਲਈ ਵੀ ਖਾਸ ਮਹੱਤਵ ਰੱਖਦਾ ਹੈ। ਇਸ ਸਮੇਂ ਸਰਦੀ ਆਪਣਾ ਅੰਤਲਾ ਦੌਰ ਪੂਰਾ ਕਰ ਰਹੀ ਹੁੰਦੀ ਹੈ ਅਤੇ ਨਵੀਂ ਫਸਲ ਦੀ ਆਸ ਜਨਮ ਲੈਂਦੀ ਹੈ। ਘਰ-ਘਰ ਵਿੱਚ ਖੀਰ, ਕੜਾਹ ਪ੍ਰਸਾਦ, ਰਿਉੜੀਆਂ, ਗੱਚਕ ਅਤੇ ਤਿਲ ਨਾਲ ਬਣੀਆਂ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ, ਜੋ ਸਿਹਤ ਅਤੇ ਖੁਸ਼ਹਾਲੀ ਦੀ ਪ੍ਰਤੀਕ ਹਨ। ਪੰਜਾਬੀ ਲੋਕ ਮਾਘੀ ਦੇ ਮੌਕੇ ਇਕ ਦੂਜੇ ਨੂੰ ਵਧਾਈਆਂ ਦਿੰਦੇ ਹਨ, ਪੁਰਾਣੀਆਂ ਰੰਜਿਸ਼ਾਂ ਭੁਲਾ ਕੇ ਨਵੀਂ ਸ਼ੁਰੂਆਤ ਕਰਦੇ ਹਨ। ਕਈ ਥਾਵਾਂ ਉੱਤੇ ਲੋਕ ਮੇਲੇ, ਕੁਸ਼ਤੀਆਂ ਅਤੇ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ, ਜੋ ਪੰਜਾਬੀ ਰਵਾਇਤਾਂ ਨੂੰ ਜਿਊਂਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਅੱਜ ਦੇ ਸਮੇਂ ਵਿੱਚ ਮਾਘੀ ਦਾ ਸੁਨੇਹਾ ਸਾਡੇ ਲਈ ਹੋਰ ਵੀ ਪ੍ਰਾਸੰਗਿਕ ਬਣ ਜਾਂਦਾ ਹੈ। ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਮੁਸ਼ਕਲ ਹਾਲਾਤਾਂ ਵਿੱਚ ਵੀ ਸੱਚ, ਧਰਮ ਅਤੇ ਇਨਸਾਫ਼ ਦੇ ਰਾਹ ਤੋਂ ਨਹੀਂ ਡਿਗਣਾ ਚਾਹੀਦਾ। ਚਾਲੀ ਮੁਕਤਿਆਂ ਦੀ ਸ਼ਹਾਦਤ ਸਾਨੂੰ ਆਪਣੀਆਂ ਗਲਤੀਆਂ ਸਵੀਕਾਰ ਕਰਨ ਅਤੇ ਸਹੀ ਰਾਹ ਤੇ ਮੁੜ ਆਉਣ ਦੀ ਪ੍ਰੇਰਣਾ ਦਿੰਦੀ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਮਾਘੀ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਪੰਜਾਬੀ ਰੂਹ ਦੀ ਆਵਾਜ਼ ਹੈ। ਇਹ ਸਾਨੂੰ ਆਪਣੇ ਇਤਿਹਾਸ ਨਾਲ ਜੋੜਦੀ ਹੈ, ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤ ਕਰਦੀ ਹੈ ਅਤੇ ਭਵਿੱਖ ਲਈ ਆਸ ਤੇ ਹੌਂਸਲੇ ਦਾ ਸੰਦੇਸ਼ ਦਿੰਦੀ ਹੈ। ਮਾਘੀ ਦਾ ਤਿਉਹਾਰ ਸਾਨੂੰ ਮਿਲਜੁਲ ਕੇ ਰਹਿਣ, ਸੇਵਾ ਕਰਨ ਅਤੇ ਸੱਚ ਦੇ ਰਾਹ ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ।



ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਪਿੰਡ ਵੜਿੰਗ ਖੇੜਾ
ਤਹਿਸੀਲ ਮਲੋਟ
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ
79860-27454

# ਕਿਸ ਨੂੰ ਮਿਲਾਂਗਾ ਅਤੇ ਕਿਸ ਨੂੰ ਜਾ ਕੇ ਦਸਾਂਗਾ


ਜਦ ਮੈਂ ਪਾਕਿਸਤਾਨ ਜਾਣਾ ਸੀ ਤਾਂ ਦਿਲੀ ਤੋਂ ਬਬੀਤਾ ਨੇ ਫੋਨ ਕੀਤਾ ਕਿ ਮੈਂ, ਸ੍ਰੀ ਮਤੀ ਸ਼ਕੀਲਾਂ ਜੋ ਮੈਬਰ ਪਾਰਲੀਮੈਂਟ ਹਨ ਅਤੇ ਹਿੰਦ ਪਾਕ ਦੋਸਤੀ ਮੰਚ ਨਾਲ ਸਬੰਧਿਤ ਹਨ ਨੂੰ ਜਰੂਰ ਮਿਲ ਕੇ ਆਵਾਂ। ਲਹੌਰ ਵਿਚ ਮੈਂ ਗਰਦਵਾਰੇ ਸਿੰਘ ਸਿੰਘਣੀਆਂ ਜੋ ਰੇਲਵੇ ਸਟੇਸ਼ਨ ਲਹੌਰ ਦੇ ਬਿਲਕੁਲ ਹੀ ਕਰੀਬ ਸੀ ਉਥੇ ਠਹਿਰਿਆ ਹੋਇਆ ਸਾਂ। ਦੋ ਦਿਨਾਂ ਬਾਦ ਮੈਂ ਡਾ. ਮਕਬੂਲ ਜੋ ਇਕ ਸਰਕਾਰੀ ਡਾਕਟਰ ਸੀ ਅਤੇ ਸ੍ਰੀ ਮਤੀ ਸ਼ੁਕੀਲਾ ਜੀ ਦਾ ਭਨੇਵਾਂ ਸੀ ਉਸਨੂੰ ਫੋਨ ਕੀਤਾ ਤਾਂ ਉਸ ਨੇ ਮੈਨੂੰ ਕਿਹਾ ਕਿ ਤੁਸੀਂ ਗੁਰਦੁਵਾਰੇ ਹੀ ਠਹਿਰੋ ਮੈ ਤੁਹਾਨੂੰ ਆ ਕੇ ਲੈ ਜਾਂਦਾ ਹਾਂ ਅਤੇ ਤੁਹਾਨੂੰ ਸ਼ੁਕੀਲਾਂ ਜੀ ਅਤੇ ਹੋਰ ਲੋਕਾਂ ਨੂੰ ਮਿਲਾ ਦਿਆਂਗਾ । ਜਦੋ ਅਸੀਂ ਡਾਕਟਰ ਮਕਬੂਲ ਦੇ ਘਰ ਜਾ ਰਹੇ ਸਾਂ ਤਾਂ ਡਾਕਟਰ ਸਾਹਿਬ ਰਸਤੇ ਵਿਚ ਆ ਰਹੀਆਂ ਇਮਾਰਤਾਂ ਬਾਰੇ ਮੈਨੂੰ ਦਸ ਰਹੇ ਸਨ ਇਹ ਸਕਤਰੇਤ ਹੈ, ਇਹ ਹਾਈ ਕੋਰਟ, ਇਹ ਪੰਜਾਬ ਯੂਨੀਵਰਸਟੀ, ਪੰਜਾਬ ਯੂਨੀਵਰਸਟੀ ਦਾ ਆਰਕੀਟੈਕਟ ਮੈਨੂੰ ਥੋੜਾ ਜਿਹਾ ਖਾਲਸਾ ਕਾਲਜ ਅੰਮ੍ਰਿਤਸਰ ਨਾਲ ਮਿਲਦਾ ਲਗਿਆ। ਪੁਰਾਣੇ ਪੰਜਾਬ ਦੀ ਇਹੋ ਇਕ ਯੂਨੀਵਰਸਟੀ ਹੁੰਦੀ ਸੀ ਜਿਸ ਦਾ ਘੇਰਾ ਜੰਮੂ ਕਸ਼ਮੀਰ ਅਤੇ ਦਿਲੀ ਤੋਂ ਚਲ ਕੇ ਪਿਸ਼ਾਵਰ ਅਤੇ ਸਿੰਧ ਦੀ ਹਦ ਤਕ ਲਗਦਾ ਸੀ ਅਤੇ ਪੁਰਾਣੇਂ ਨੇਤਾਵਾਂ ਅਤੇ ਅਫਸਰਾਂ ਵਿਚੋਂ ਜਿਆਦਾ ਤਰ ਨੇ ਇਸ ਹੀ ਯੂਨੀਵਰਸਟੀ ਤੋਂ ਆਪਣੀਆਂ ਡਿਗਰੀਆਂ ਲਈਆਂ ਸਨ। ਫਿਰ ਚੀਫਸ ਕਾਲਜ ਜਿਸ ਵਿਚ ਉਸ ਵਕਤ ਦੇ ਮਹਾਰਾਜਿਆਂ, ਨਵਾਬਾਂ ਅਤੇ ਰਾਇਸਾਂ ਦੇ ਲੜਕੇ ਪੜਦੇ ਹੁੰਦੇ ਸਨ। ਇਸ ਕਾਲਜ ਦਾ ਆਲਾ ਦੁਆਲਾ ਬਹੁਤ ਉਚੇ-ਉਚੇ ਦਰਖਤਾਂ ਨਾਲ ਘਿਰਿਆ ਹੋਇਆ ਸੀ। ਜਿਸ ਵਿਚ ਇਕ ਬਹੁਤ ਖੂਬਸੂਰਤ ਪਰ ਪੁਰਾਣੀ ਇਮਾਰਤ ਵਾਲਾ ਹੋਸਟਲ ਸੀ। ਮੈਂ ਉਸ ਵੇਲੇ ਉਸ ਸਾਂਝੇ ਪੰਜਾਬ ਦੀ ਕਲਪਨਾ ਕਰ ਰਿਹਾ ਸਾਂ, ਜਿਸ ਵਕਤ ਉਸ ਵਕਤ ਦੇ ਮਹਾਂਰਾਜਿਆਂ ਦੀ ਔਲਾਦ, ਕਸ਼ਮੀਰ, ਪੰਜਾਬ, ਸਿੰਧ, ਪਿਸ਼ਾਵਰ ਅਤੇ ਹਿਮਾ-ਚਲ ਪ੍ਰਦੇਸ਼ ਦੇ ਖੇਤਰਾਂ ਤੋਂ ਇਥੇ ਆ ਕੇ ਪੜ੍ਹਦੀ ਹੁੰਦੀ ਸੀ ਅਤੇ ਉਹਨਾਂ ਦੀ ਦੂਰ ਅੰਦੇਸ਼ੀ ਵਿਚ ਵੀ ਇਸ ਤਰ੍ਹਾਂ ਦੀ ਵਾਹਗੇ ਵਾਲੀ ਲਕੀਰ ਦਾ ਕਦੀ ਖਿਆਲ ਵੀ ਨਹੀਂ ਆਇਆ ਹੋਵੇਗਾ।

ਡਾਕਟਰ ਮਕਬੂਲ ਮੈਨੂੰ ਖਾਸ ਤੌਰ ਤੇ ਦਿਆਲ ਸਿੰਘ ਕਾਲਜ ਲੈ ਗਿਆ, ਜਿਸ ਦਾ ਨਾ ਅਜੇ ਵੀ ਦਿਆਲ ਸਿੰਘ ਕਾਲਜ ਸੀ ਅਤੇ ਉਸਦੇ ਨਾਲ ਹੀ ਦਿਆਲ ਸਿੰਘ ਲਾਇਬਰੇਰੀ ਸੀ ਅਤੇ ਇਸ ਦਾ ਨਾ ਵੀ ਨਹੀਂ ਸੀ ਬਦਲਿਆ ਗਿਆਙ ਮੈਂ ਦਿਆਲ ਸਿੰਘ ਕਾਲਜ ਬਾਰੇ ਸੁਣਿਆ ਤਾਂ ਬਹੁਤ ਸੀ ਅਤੇ ਮਹਿਸੂਸ ਕਰਦਾ ਸਾਂ ਕਿ ਸ਼ਾਇਦ ਇਹ ਕਾਲਜ ਵੀ ਖਾਲਸਾ ਕਾਲਜ ਅੰਮ੍ਰਿਤਸਰ ਵਾਂਗ ਇਕ ਵਿਸ਼ਾਲ ਕਾਲਜ ਹੋਵੇਗਾ ਪਰ ਇਹ ਇਸ ਤਰ੍ਹਾਂ ਨਹੀਂ ਸੀ । ਇਹ ਇਕ ਛੋਟਾ ਕਾਲਜ ਸੀ ਭਾਵੇ ਕਿ ਖਾਲਸਾ ਕਾਲਜ ਅੰਮ੍ਰਿਤਸਰ ਨਾਲ ਜੁੜੀ ਹੋਈ ਇਸ ਕਾਲਜ ਦੀ ਇਕ ਇਤਿਹਾਸਿਕ ਸਾਂਝ ਸੀ। ਕਹਿੰਦੇ ਹਨ ਕਿ ਜਦੋਂ ਖਾਲਸਾ ਕਾਲਜ ਅੰਮ੍ਰਿਤਸਰ ਬਨਾਉਣ ਦਾ ਫੈਸਲਾ ਹੋ ਗਿਆ। ਤਾਂ ਸ. ਦਿਆਲ ਸਿੰਘ ਮਜੀਠੀਆਂ ਜਿਸ ਦੀ ਔਲਾਦ ਨਹੀਂ ਸੀ ਅਤੇ ਜਿਸ ਨੇ ਲਹੌਰ ਵਿਚ ਟਰੀਬਿਊਨ ਅਖਬਾਰ ਕਢੀ ਸੀ ਅਤੇ ਪੰਜਾਬ ਨੈਸ਼ਨਲ ਬੈਂਕ ਸਥਾਪਿਤ ਕੀਤਾ ਸੀ ਉਸ ਦੇ ਖਾਲਸਾ ਕਾਲਜ ਸਥਾਪਿਤ ਕਰਣ ਵਾਲੀ ਕਮੇਟੀ ਦੇ ਸਾਹਮਣੇ ਆ ਕੇ ਇਹ ਪੇਸ਼ਕਸ਼ ਕੀਤੀ ਜੇ ਤੁਸੀ ਤਜਵੀਜ ਕੀਤੇ ਕਾਲਜ ਦਾ ਨਾਂ ਦਿਆਲ ਸਿੰਘ ਕਾਲਜ ਰੱਖ ਦਿਉ ਤਾਂ ਇਸ ਲਈ ਕੀਤਾ ਜਾਣ ਵਾਲਾ ਸਾਰੇ ਦਾ ਸਾਰਾ ਖਰਚ ਉਹ ਕਰੇਗਾ । ਪਰ ਕਮੇਟੀ ਨੇ ਕੁਝ ਸੋਚਣ ਦਾ ਸਮਾਂ ਲੈ ਲਿਆ ਅਤੇ ਬਾਦ ਵਿਚ ਇਹ ਪੇਸ਼ਕਸ਼ ਠੁਕਰਾ ਦਿਤੀ ਕਿਉ ਜੋ ਉਸ ਤਜਵੀਜ ਕੀਤੇ ਕਾਲਜ ਵਿਚ ਕਿਸੇ ਦਾ ਵੀ ਨਾਂ ਨਹੀਂ ਹੋਵੇਗਾ ਅਤੇ ਇਸ ਦਾ ਨਾਂ ਸਿਰਫ "ਖਾਲਸਾ ਕਾਲਜ" ਹੀ ਹੋਵ-ਗਾ ਅਤੇ ਬਾਦ ਵਿਚ ਦਿਆਲ ਸਿੰਘ ਮਜੀਠੀਆਂ ਨੇ ਲਹੌਰ ਵਿਚ ਦਿਆਲ ਸਿੰਘ ਕਾਲਿਜ ਸਥਾਪਿਤ ਕੀਤਾ। ਇਹ ਗੱਲ ਡਾਕਟਰ ਮਕਬੂਲ ਲਈ ਨਵੀਂ ਸੀ ਅਤੇ ਉਹ ਦੱਸਣ ਲੱਗਾ ਕਿ ਇਸ ਕਾਲਜ ਬਾਰੇ ਮੈ ਇੰਨਾਂ ਹੀ ਜਾਣਦਾ ਹਾਂ ਕਿ ਇਹ ਕਾਲਜ ਕਿਸੇ ਸਿੱਖ ਰਾਈਸ ਨੇ ਬਣਵਾਇਆ ਸੀ ਅਤੇ ਇਸ ਕਾਲਜ ਦਾ ਨਾਂ ਵੰਡ ਤੋਂ ਬਾਦ ਵੀ ਨਹੀਂ ਬਦਲਿਆ ਗਿਆ ਕਿਉ ਜੋ ਇਸ ਕਾਲਜ ਦਾ ਇਕ ਲੰਮਾ ਇਤਿਹਾਸ ਸੀ।

ਥੋੜਾ ਹੀ ਚਿਰ ਬਾਦ ਅਸੀ ਡਾਕਟਰ ਮਕਬੂਲ ਦੇ ਘਰ ਦੇ ਬਾਹਰ ਖੜੇ ਸਾਂ । ਪਰ ਘਰ ਦੇ ਬਾਹਰ ਜੰਦਰਾ ਲਗਾ ਹੋਇਆ ਸੀ, ਡਾਕਟਰ ਮਕਬੂਲ ਉਤਰਿਆ ਅਤੇ ਮੈਂ ਸੋਚਿਆ ਕਿ ਸ਼ਾਇਦ ਉਹ ਗਵਾਂਢ ਤੋਂ ਚਾਬੀ ਲੈਣ ਗਿਆ ਹੈ ਪਰ ਉਹ ਕੁਝ ਚਿਰ ਬਾਦ ਦੂਸਰੀ ਤਰਫ ਤੋਂ ਚਾਬੀ ਲੈ ਕੇ ਆ ਰਿਹਾ ਸੀ ਘਰ ਵਿਚ ਜਾ ਕੇ ਮੈਂ ਵੇਖਿਆ ਉਸਦੀ ਪਤਨੀ ਅਤੇ ਬੱਚੇ ਸਾਨੂੰ ਉਡੀਕ ਰਹੇ ਸਨ। ਸਾਰਾ ਪ੍ਰੀਵਾਰ ਘਰ, ਅਤੇ ਬਾਹਰ ਤੋਂ ਜਿੰਦਰਾ, ਮੈਂ ਇਸ ਬਾਰੇ ਹੈਰਾਨ ਸਾਂ ਪਰ ਡਾ. ਮਕਬੂਲ ਆਪ ਹੀ ਦਸਣ ਲੱਗ ਪਿਆ ਕਿ ਉਸ ਦੀ ਪਤਨੀ ਵੀ ਲੇਡੀ ਡਾਕਟਰ ਹੈ। ਪਾਕਿਸਤਾਨ ਵਿਚ ਲੇਡੀ ਡਾਕਟਰਾਂ ਦੀ ਕਮੀ ਹੈ। ਪਾਕਿਸਤਾਨ ਦੇ ਸਮਾਜਿਕ ਢਾਂਚੇ ਅਨੁਸਾਰ ਔਰਤਾਂ ਨੂੰ ਔਰਤ ਡਾਕਟਰ ਹੀ ਵੇਖਦੀਆਂ ਹਨ ਜਿਸ ਕਰਕੇ ਉਸ ਦੀ ਪਤਨੀ ਕੰਮ ਵਿਚ ਇੰਨੀ ਰੁਝੀ ਰਹਿੰਦੀ ਹੈ ਕਿ ਕਈ ਵਾਰ ਤਾਂ ਉਹ ਦੋ ਦੋ ਰਾਤਾਂ ਵੀ ਨਹੀਂ ਸੋ ਸਕਦੀ। ਇਸ ਲਈ ਮਜਬੂਰ ਹੋ ਕੇ ਅਸੀਂ ਇਕ ਇਹ ਢੰਗ ਵੀ ਅਪਨਾਇਆ ਹੋਇਆ ਹੈ ਅਤੇ ਪ੍ਰਭਾਵ ਦਿੰਦੇ ਹਾਂ ਕਿ ਘਰ ਵਿਚ ਹੀ ਕੋਈ ਨਹੀਂ। ਡਾ. ਸਾਹਿਬ ਦੇ ਬਚੇ ਮੇਰੇ ਕੋਲ ਬੈਠ ਗਏ ਅਤੇ ਡਾ. ਸਾਹਿਬ ਦੀ ਪਤਨੀ ਮੇਰੇ ਲਈ ਚਾਹ ਬਣਾ ਲਿਆਈ। ਡਾ. ਮਕਬੂਲ ਜਿਸ ਤਰ੍ਹਾਂ ਅੰਮ੍ਰਿਤਸਰ, ਜਲੰਧਰ ਦਿੱਲੀ ਆਦਿ ਬਾਰੇ ਪੁਛ ਰਿਹਾ ਸੀ ਉਸ ਤੋਂ ਲੱਗਦਾ ਸੀ ਕਿ ਉਸਨੂੰ ਚੜਦੇ ਪੰਜਾਬ ਬਾਰੇ ਜਾਨਣ ਦੀ ਬਹੁਤ ਵੱਡੀ ਖਾਹਿਸ਼ ਸੀ। ਦਰਿਆ ਬਿਆਸ, ਸਤਲੁਜ ਕਿਥੋਂ ਨਿਕਲਦੇ ਹਨ, ਪੰਜਾਬ ਵਿਚ ਕੁਝ ਖੇਤਰ ਪਹਾੜੀ ਵੀ ਹੋਵੇਗਾ ਬਾਰਸ਼ਾਂ ਦੇ ਦਿਨਾਂ ਵਿਚ ਇਹ ਦਰਿਆ ਬਹੁਤ ਭਰ ਜਾਂਦੇ ਹੋਣਗੇ, ਹੜ੍ਹ ਵੀ ਆਉਂਦੇ ਹੋਣਗੇ, ਪਿੰਡਾਂ ਵਿਚ ਵਿਦਿਆ ਦੀ ਕੀ ਸਥਿਤੀ ਹੈ, ਅਤੇ ਉਹ ਅਨੇਕਾਂ ਹੀ ਸੁਆਲ ਪੁਛ ਰਿਹਾ ਸੀ ਪਰ ਸ਼ੁਕੀਲਾ ਜੀ ਦਾ ਫੋਨ ਆਇਆ ਕਿ ਉਹ ਤਾਂ ਕਦੋਂ ਦੇ ਉਡੀਕ ਰਹੇ ਹਨ।

ਸ਼ੁਕੀਲਾ ਜੀ ਦਾ ਘਰ ਇਕ ਬਹੁਤ ਹੀ ਖੂਬਸੂਰਤ ਕੋਠੀ ਸੀ ਜਿਸ ਦੇ ਬਾਹਰ ਬੜੇ ਖੂਬਸੂਰਤ ਫਲਾਂ ਅਤੇ ਫੁਲਾਂ ਦੇ ਪੌਦੇ ਸਨ । ਉਹਨਾਂ ਦੇ ਡਰਾਇੰਗ ਰੂਮ ਵਿਚ ਇਕ ਵਡੇ ਸਾਈਜ ਦੀ ਉਹਨਾਂ ਦੇ ਪਤੀ ਦੀ ਫੋਟੋ ਲੱਗੀ ਹੋਈ ਸੀ ਜੋ ਸ੍ਰੀ ਭੁਟੋ ਦੇ ਸਮੇ ਕੇਂਦਰੀ ਮੰਤਰੀ ਰਹੇ ਸਨ ਅਤੇ ਸਮਾਜਵਾਦੀ ਵਿਚਾਰਧਾਰਾ ਦੇ ਸਨ।

"ਫਿਰੋਜਪੁਰ ਵੀ ਜਾਂਦੇ ਹੋਵੋਗੇ" ਸ਼ੁਕੀਲਾਂ ਜੀ ਨੇ ਮੈਨੂੰ ਪੁਛਿਆ, "ਹਾਂ, ਅਨੇਕਾਂ-ਵਾਰ ਗਿਆ ਹਾਂ" ਮੈ ਜੁਆਬ ਦਿਤਾ "ਮੈ ਫਿਰੋਜਪੁਰ ਨੂੰ ਨਹੀਂ ਭੁੱਲ ਸਕਦੀ, ਮੇਰਾ ਜਨਮ ਉਥੋਂ ਦਾ ਹੈ, ਦਿਲੀ ਦਰਵਾਜੇ ਵਾਲੀ ਗਲੀ, ਗਲੀ ਦੇ ਵਿਚ ਜਿਆਦਾ ਘਰ ਮੁਸਲਮਾਨਾ ਦੇ ਸਨ ਪਰ ਕੁਝ ਕੁ



ਡਾ .ਸ.ਸ.ਛੀਨਾ

sarbijtchihna@yahoo.coi.n

ਹਿੰਦੂ, ਸਿੱਖਾਂ ਦੇ ਸਨ। ਚਾਚਾ ਚਾਨਣ ਸਿੰਘ ਮੇਰੇ ਅੱਬਾ ਦਾ ਪੱਗ-ਵੱਟ ਭਰਾ ਸੀ। ਸਾਨੂੰ ਉਹ ਕਾਫਲੇ ਨਾਲ ਮਿਲਾ ਕੇ ਗਿਆ ਸੀ । ਉਸ ਵਕਤ ਬਹੁਤ ਸਾਰੇ ਮੁਸਲਮਾਨ ਮਾਰੇ ਗਏ ਸਨ। ਪਰ ਚਾਚਾ ਚਾਨਣ ਸਿੰਘ ਅਤੇ ਉਸ ਦੇ ਵੱਡੇ ਭਰਾ ਨੇ ਆਪਣੀਆਂ ਜਾਨਾਂ ਤਲੀ ਤੇ ਰੱਖ ਕੇ ਸਾਨੂੰ ਕਾਫਲੇ ਨਾਲ ਮਿਲਾਇਆ ਸੀ। ਰਸਤੇ ਵਿਚ ਹਿੰਦੂ ਸਿਖਾਂ ਦੇ ਕੁਝ ਟੋਲਿਆਂ ਨੇ ਉਹਨਾਂ ਨੂੰ ਲਲਕਾਰਿਆ ਸੀ। ਮੈਂ ਛੋਟੀ ਜਹੀ ਸਾਂ, ਚਾਚੇ ਚਾਨਣ ਸਿੰਘ ਨੇ ਮੈਨੂੰ ਚੁਕਿਆ ਹੋਇਆ ਸੀ। ਮੈ ਚਾਚੇ ਚਾਨਣ ਸਿੰਘ ਨੂੰ ਨਹੀਂ ਭੁਲ ਸਕੀ ਉਹ ਮੈਨੂੰ ਚੁਕ ਕੇ ਮੇਲੇ ਵਿਚ ਲੈ ਜਾਂਦਾ ਹੁੰਦਾ ਸੀ, ਜਲੇਬੀਆਂ, ਆਈਸ ਕਰੀਮ ਖਵਾਉਣੀ ਅਤੇ ਵਾਪਸੀ ਤੇ ਛੋਟੇ-ਛੋਟੇ ਖਿਡੌਣੇ ਲੈ ਕੇ ਦੇਣੇਂ, ਪਰ ਮੈਂ ਜਿਦ ਕਰਕੇ ਉਹ ਖਿਡੌਣੇ ਲੈਂਦੀ ਸਾਂ ਜਿਹੜੇ ਮੈਨੂੰ ਪਸੰਦ ਹੁੰਦੇ ਸਨ" ਅਤੇ ਉਹ ਦਸਦੀ ਜਾ ਰਹੀ ਸੀ ਅਤੇ ਮੈਂ ਵੇਖ ਰਿਹਾ ਸਾਂ ਉਸ ਦੀਆਂ ਅੱਖਾਂ ਵਿਚੋਂ ਅਥਰੂ ਵਗ ਰਹੇ ਸਨ। 59 ਸਾਲਾਂ ਬਾਦ ਵੀ ਅੱਖਾਂ ਵਿਚੋਂ ਅਥਰੂ, ਇਹ ਕਿਸ ਤਰ੍ਹਾਂ ਦੀਆਂ ਡੂੰਘੀਆ ਸਾਂਝਾਂ ਸਨ?

"ਬਾਦ ਵਿਚ ਤੁਸੀਂ ਕਦੀ ਫਿਰੋਜਪੁਰ ਗਏ ਨਹੀਂ" ਮੈਂ ਪੁਛਿਆ, "ਸਿਰਫ ਇਕ ਵਾਰ, ਕੋਈ ਦੋ ਸਾਲ ਪਹਿਲਾਂ । ਪਰ ਉਥੇ ਤਾਂ ਹੁਣ ਕੋਈ ਇਹ ਵੀ ਨਹੀਂ ਸੀ ਜਾਣਦਾ ਕਿ ਅਸੀ ਉਥੇ ਰਹਿੰਦੇ ਰਹੇ ਸਾਂ, ਉਹ ਟੂਟੀ ਜਿਸ ਤੋਂ ਪਾਣੀ ਪੀਂਦੇ ਹੁੰਦੇ ਸਾਂ। ਉਹ ਤਾਂ ਅਜੇ ਵੀ ਹੈ ਅਤੇ ਮੈਂ ਵੇਖ ਆਈ ਹਾਂ ਪਰ ਉਸ ਟੂਟੀ ਦੇ ਇਰਦ ਗਿਰਦ ਜਿਹੜੇ ਮਰਦ ਔਰਤਾਂ ਉਦੋਂ ਹੁੰਦੇ ਸਨ ਉਹਨਾਂ ਵਿਚੋਂ ਤਾਂ ਇਕ ਵੀ ਨਹੀ ਮਿਲਿਆ। ਚਾਨਣ ਸਿੰਘ ਦੇ ਪ੍ਰੀਵਾਰ ਵਿਚੋਂ ਉਹਨਾਂ ਦੇ ਪੋਤਰੇ ਮਿਲੇ ਤਾਂ ਸਨ ਪਰ ਮੇਰੀਆਂ ਕਈ ਗੱਲਾਂ ਜਿਹੜੀਆਂ ਉਸ ਪ੍ਰੀਵਾਰ ਬਾਰੇ ਮੈਂ ਜਾਣਦੀ ਸਾਂ, ਉਹ ਤਾਂ ਉਹ ਵੀ ਨਹੀਂ ਸਨ ਜਾਣਦੇ। ਪਰ ਫਿਰ ਵੀ ਉਹਨਾਂ ਬਚਿਆਂ ਵਿਚੋਂ ਉਹਨਾ ਦੇ ਦਾਦੇ, ਦਾਦੀ ਦੇ ਦਰਸ਼ਨ ਕੀਤੇ ਮੈਨੂੰ ਸਕੂਨ ਮਿਲਿਆਙ ਮੈਂ ਉਸ ਧਰਤੀ ਨੂੰ ਸਲਾਮ ਕੀਤੀ, ਉਸ ਧਰਤੀ ਅਤੇ ਉਹਨਾਂ ਲੋਕਾਂ ਦੀ ਸੁਖ ਸਾਂਦ ਮੰਗੀ। ਆਪਣੇ ਬਾਪ ਵਲੋ ਮਰਣ ਤਕ ਫਿਰੋਜਪੁਰ ਨੂੰ ਯਾਦ ਕਰਣ ਅਤੇ ਲਗਾਤਾਰ ਇਸ ਤਰਾਂ ਕਹਿਣਾਂ ਕਿ ਸੁਪਨੇ ਵਿਚ ਮੈਂ ਅਤੇ ਚਾਨਣ ਸਿੰਘ ਸਾਈਕਲਾਂ ਤੇ ਮਲ੍ਹਾਂਵਾਲੇ ਨੂੰ ਜਾਂਦੇ ਰਹੇ ਹਾਂ। ਅਸੀ ਸੁਪਨੇ ਵਿਚ ਫਿਰੋਜਪੁਰ ਤੋਂ ਸੋਡਾ ਪੀਂਦੇ ਰਹੇ ਹਾਂ। ਪਰ ਇਹ ਵੀ ਅਜੀਬ ਵੰਡ ਸੀ। ਜਿੰਨਾਂ ਲੋਕਾਂ ਨੇ ਜਾਨਾ ਹੀਲ ਕੇ ਉਧਰੋਂ ਲੋਕਾਂ ਨੂੰ ਇਧਰ ਭੇਜਿਆ, ਜਿਹੜੇ ਰਿਸ਼ਤੇਦਾਰਾਂ ਤੋਂ ਕਿਤੇ ਉੱਤੇ ਸਨ ਉਹ ਤਾਂ ਰਿਸ਼ਤੇਦਾਰ ਗਿਣੇ ਨਾ ਗਏ, ਉਹਨਾਂ ਦੇ ਸੱਦੇ ਤੇ ਤਾਂ ਸਾਨੂੰ ਵੀਜਾਂ ਨਹੀ ਮਿਲ ਸਕਦਾ ਪਰ ਜੋ ਜਿੰਦਗੀ ਵਿਚ ਇਕ ਵਾਰ ਵੀ ਨਹੀਂ ਮਿਲੇ, ਜੇ ਉਹ ਰਿਸ਼ਤੇਦਾਰ ਹਨ ਤਾਂ ਉਹਨਾਂ ਦੇ ਨਾ ਤੇ ਵੀਜਾ ਮਿਲ ਸਕਦਾ ਹੈ। ਇਹ ਕਿਹੋ ਜਿਹਾ ਕਨੂੰਨ ਹੈ। ਮੈਂ ਪਾਰਲੀਮੈਂਟ ਦੀ ਮੈਬਰ ਹੋਣ ਕਰਕੇ ਫੀਰੋਜਪੁਰ ਤਾਂ ਵੇਖ ਆਈ ਹਾਂ ਪਰ ਲੱਖਾਂ ਉਹ ਲੋਕ ਜਿਹੜੇ ਆਪਣੇ ਪੁਰਾਣੇ ਘਰਾਂ ਅਤੇ ਸਾਥੀਆਂ ਨੂੰ ਵੇਖਣ ਲਈ ਤਰਸਦੇ ਰਹੇ ਅਤੇ ਪੁਰਾਣੇ ਸਾਥੀਆਂ ਨੂੰ ਮਿਲਣ ਦੀ ਖਾਹਿਸ਼ ਨਾਲ ਹੀ ਲੈ ਕੇ ਇਸ ਦੁਨੀਆਂ ਤੋਂ ਚਲੇ ਗਏ।

ਮੈਂ ਸ਼ੁਕੀਲਾ ਜੀ ਨੂੰ ਬਹੁਤ ਕੁਝ ਪੁਛਣਾਂ ਚਾਹੁੰਦਾ ਸਾਂ ਪਰ ਉਹ ਤਾਂ ਮੌਕਾ ਹੀ ਨਹੀਂ ਸਨ ਦੇ ਰਹੇ, ਪਰ ਉਸ ਵਕਤ ਮੈਂ ਇਹ ਕਲਪਨਾਂ ਜਰੂਰ ਕਰ ਸਕਦਾ ਸਾਂ ਕਿ ਭਾਪਾ ਜੀ ਵੀ ਤਾਂ ਇਸ ਤਰ੍ਹਾਂ ਹੀ ਕਹਿੰਦੇ ਹੁੰਦੇ ਹਨ ਕਿ ਸੁਪਨੇ ਵਿਚ ਅਜ ਮੈਂ ਸਾਰੀ ਰਾਤ ਆਪਣੀ ਪੈਲੀ ਨੂੰ ਪਾਣੀ ਲਾਉਂਦਾ ਰਿਹਾ ਹਾਂ। ਅਜ ਮੈਂ ਬਾਗ ਦੇ ਦੁਆਲੇ ਘੁੰਮਦਾ ਰਿਹਾ ਹਾਂ, ਅਜ ਮੈਂ ਸਰਗੋਧੇ ਸ਼ਹਿਰ ਵਿਚ ਸਾਈਕਲ ਚਲਾਉਂਦਾ ਰਿਹਾ ਹਾਂ। ਉਹਨਾਂ ਨੂੰ ਆਪਣਾ ਪਿਛਲਾ ਪਿੰਡ ਵੇਖਣ ਦੀ ਕਿੰਨੀ ਖਾਹਿਸ਼ ਸੀ, ਹੁਣ ਤਾਂ ਮਹੌਲ ਠੀਕ ਹੈ, ਉਹਨਾ ਨੂੰ ਉਹਨਾ ਦਾ ਪਿੰਡ ਜਰੂਰ ਵਿਖਾਵਾਂਗੇ।ਸਮਾਂ ਕਾਫੀ ਹੋ ਗਿਆ ਸੀ, ਡਾ. ਮਕਬੂਲ ਨੇ ਆਪਣੇ ਦੋਸਤ ਮਿਸਟਰ ਇਕਬਾਲ ਜੋ ਲਹੌਰ ਦੇ ਮਾਡਲ ਟਾਊਨ ਵਿਚ ਰਹਿੰਦੇ ਸਨ ਅਤੇ ਇਕ ਵੱਡੇ ਉਦਯੋਗਪਤੀ ਹਨ, ਅਤੇ ਜੋ ਪਿਛੋਂ ਜਲੰਧਰ ਤੋਂ ਗਏ ਹੋਏ ਸਨ, ਨਾਲ 4 ਵਜੇ ਮਿਲਣ ਦਾ ਪ੍ਰੋਗਰਾਮ ਤਹਿ ਕੀਤਾ ਹੋਇਆ ਸੀ। ਅਸੀਂ ਉਠਣ ਲਗੇ ਤਾਂ ਸ਼ੁਕੀਲਾਂ ਜੀ ਨੇ ਕਿਹਾ " 5 ਮਿੰਟ ਹੋਰ ਬੈਠ ਜਾਉ ਮੈਂ ਤਾਂ ਤੁਹਾਡੇ ਬਾਰੇ ਕੁਝ ਵੀ ਨਹੀਂ ਪੁਛਿਆ। ਹਾਂ ਮੈ ਹੁਣ ਫਿਰ ਭਾਰਤ ਆਉਂਣਾ ਹੈ, ਮੇਰੇ ਨਾਲ ਫਿਰੋਜਪੁਰ ਚਲਿਉ। ਮੈਂ ਫਿਰੋਜਪੁਰ ਆਪਣਾ ਘਰ ਇਕ ਵਾਰ ਫਿਰ ਵੇਖਣਾ ਚਾਹੁੰਦੀ ਹਾਂ, ਉਥੇ ਜਾ ਕੇ ਮੈਨੂੰ ਅਜੀਬ ਸਕੂਨ ਮਿਲਿਆ ਸੀ, ਜਦੋਂ ਵਾਪਿਸ ਆ ਕੇ ਆਪਣੀ ਮਾਂ ਅਤੇ ਭੂਆ ਨੂੰ ਉਥੇ ਜਾਣ ਬਾਰੇ ਦਸਿਆ ਸੀ ਤਾਂ ਉਹ ਕਿੰਨਾ ਚਿਰ ਮੈਨੂੰ ਇਕ-ਇਕ ਗੱਲ ਦੁਹਰਾ ਕੇ ਪੁਛਦੀਆਂ ਰਹੀਆਂ ਸਨ, ਉਹ ਤਾਂ ਆਪਣਾ ਘਰ ਵੇਖਣ ਲਈ ਤਰਸਦੀਆਂ ਹੀ ਰਹੀਆਂ ਸਨ।" ਮੈ ਵੇਖਿਆ ਡਾ. ਮਕਬੂਲ ਉਠ ਖੜ੍ਹਾ ਹੋਇਆ ਸੀ ਅਤੇ ਮੈਂ ਸਮਝ ਗਿਆ ਕਿ ਉਹ ਲੇਟ ਹੋ ਰਿਹਾ ਹੈ। ਜਦ ਅਸੀਂ ਬਾਹਰ ਆ ਰਹੇ ਸਾਂ, ਤਾਂ ਮੈਂ ਸੋਚਿਆ ਕਿ ਸ਼ੁਕੀਲਾਂ ਜੀ ਨੂੰ ਉਸ ਮਿੱਟੀ ਨਾਲ ਕਿੰਨਾ ਮੋਹ ਹੈ, ਉਹਨਾਂ ਕਿਹਾ ਸੀ ਕਿ ਮੈ ਤਾਂ ਤੁਹਾਡੇ ਬਾਰੇ ਕੁਝ ਵੀ ਨਹੀ ਪੁਛਿਆ, ਪਰ ਗਲ ਉਹਨਾਂ ਫਿਰ ਆਪਣੀ ਹੀ ਸ਼ੁਰੂ ਕਰ ਦਿਤੀ ਮੇਰੇ ਕੋਲੋਂ ਤਾਂ ਉਹਨਾਂ ਕੁਝ ਵੀ ਨਹੀ ਪੁਛਿਆ। ਭਾਵੇਂ ਉਹਨਾਂ ਦੇ ਪਤੀ, ਕੇਂਦਰੀ ਸਰਕਾਰ ਦੇ ਮੰਤਰੀ ਰਹੇ ਹਨ। ਉਹ ਪਾਰਲੀਮੈਂਟ ਦੇ ਮੈਬਰ ਹਨ ਅਤੇ ਵਿਦੇਸ਼ਾਂ ਵਿਚ ਘੁੰਮਦੇ ਹਨ ਪਰ ਫਿਰੋਜਪੁਰ ਦੀ ਉਸ ਗਲੀ ਨੂੰ ਉਹ ਕਿਸ ਸ਼ਿਦਤ ਨਾਲ ਯਾਦ ਕਰਦੇ ਹਨ।

ਅਸੀਂ ਕੋਈ 4.30 ਵਜੇ ਮਿਸਟਰ ਇਕਬਾਲ ਦੇ ਘਰ ਪਹੁੰਚ ਗਏ, ਉਹ ਅਤੇ ਉਸਦਾ ਦੋਸਤ ਸਾਨੂੰ ਕਾਫੀ ਸਮੇਂ ਤੋਂ ਉਡੀਕ ਰਹੇ ਸਨ । ਜਦ ਅਸੀਂ ਉਹਨਾਂ ਦੇ ਡਰਾਇੰਗ ਰੂਮ ਵਿਚ ਬੈਠੇ, ਤਾਂ ਉਸ ਦੇ ਦੋ ਲੜਕੇ ਵੀ ਉਥੇ ਆ ਗਏ ਅਤੇ ਸਾਡੇ ਕੋਲ ਬੈਠ ਗਏ। "ਡਾ. ਮਕਬੂਲ ਨੇ ਮੇਰੀ ਵਾਕਵੀ ਕਰਾਉਦਿਆਂ ਦਸਿਆ ਕਿ ਡਾ. ਛੀਨਾਂ ਭਾਰਤ ਦੇ ਇਕ ਨਾਮਵਾਰ ਕਾਲਜ, ਖਾਲਸਾ ਕਾਲਜ ਅੰਮ੍ਰਿਤਸਰ ਵਿਚ ਇਕਨੋਮਿਕਸ ਪੜਾਉਂਦੇ ਰਹੇ ਹਨ, ਅਤੇ ਮੇਰੇ ਮਾਸੀ ਜੀ ਸ੍ਰੀ ਮਤੀ ਸ਼ਕੀਲਾਂ ਦੇ ਜਾਣਕਾਰਾਂ ਦੇ ਵਾਕਿਫ ਹਨ। ਪਰ ਮਿਸਟਰ ਇਕਬਾਲ ਨੂੰ ਜਿਵੇਂ ਬਹੁਤ ਕੁਝ ਪੁਛਣ ਦੀ ਕਾਹਲ ਸੀ, "ਸਰਦਾਰ ਜੀ ਤੁਸੀ ਜਲੰਧਰ ਤਾਂ ਕਈ ਵਾਰ ਜਾਂਦੇ ਹੋਵੋਗੇ। ਜਲੰਧਰ ਦੀ ਬਸਤੀ ਸ਼ੇਖ ਵਿਚ ਸਾਡਾ ਘਰ ਸੀ, ਮੇਰਾ ਜਨਮ ਵੀ ਉਥੇ ਹੀ ਹੋਇਆ ਸੀ। ਮੇਰੇ ਅੱਬਾ ਜੀ ਦੀ ਉਥੇ ਛੋਟੀ ਜਹੀ ਫੌਂਡਰੀ ਸੀ, ਭਾਵੇਂ ਮੈਂ ਉਦੋਂ 4 ਸਾਲ ਦਾ ਸਾ ਜਦੋਂ ਪਾਕਿਸਤਾਨ ਬਣਿਆ ਸੀ ਪਰ ਮੈਨੂੰ ਅਜ ਤਕ ਵੀ ਜਲੰਧਰ ਵਾਲਾ ਆਪਣਾ ਘਰ ਯਾਦ ਹੈ। ਮੇਰੇ ਅੱਬਾ ਤਾਂ ਆਪਣੇ ਜਲੰਧਰ ਨੂੰ ਯਾਦ ਕਰਦੇ ਕਰਦੇ ਫੌਤ ਹੋ ਗਏ, ਉਹਨਾਂ ਨੇ ਕਈ ਵਾਰ ਵੀਜਾ ਲੈਣ ਦੀ ਕੋਸ਼ਿਸ਼ ਵੀ ਕੀਤੀ, ਕਦੀ ਮੈਚ ਵੇਖਣ ਲਈ, ਕਦੀ ਧਾਰਮਿਕ ਜਗਾਹ ਤੇ ਜਾਣ ਲਈ ਪਰ ਇੰਨਾਂ ਦੋਵਾਂ ਦੇਸ਼ਾਂ ਦਾ ਅਜੀਬ ਦਸਤੂਰ ਹੈ, ਉਹਨਾਂ ਨੂੰ ਸਾਰੀ ਜਿੰਦਗੀ ਵੀਜਾ ਹੀ ਨਹੀਂ ਸੀ ਮਿਲ ਸਕਿਆ।

(ਚਲਦਾ)

# ਪੰਜਾਬ ਭਵਨ ਸਰੀ ਆਫ ਕੈਨੇਡਾ ਦੁਆਰਾ ਸ਼ਾਇਰ ਧਰਮ ਪਾਲ ਪੈਂਥਰ ਸਨਮਾਨਿਤ

## ਇਸ ਸਨਮਾਨ ਨੇ ਪੰਜਾਬੀਅਤ ਅਤੇ ਪੰਜਾਬੀ ਮਾਂ ਬੋਲੀ ਲਈ ਮੇਰੀ ਜ਼ਿੰਮੇਵਾਰੀ ਨੂੰ ਹੋਰ ਵਧਾਇਆ – ਪੈਂਥਰ

**ਕਪੂਰਥਲਾ, (ਕੌੜਾ)–** ਪੰਜਾਬ ਭਵਨ ਸਰੀ ਆਫ ਕੈਨੇਡਾ ਦੇ ਸੰਸਥਾਪਕ, ਪੰਜਾਬ ਅਤੇ ਪੰਜਾਬੀ ਮਾਂ ਬੋਲੀ ਦੇ ਫਿਕਰਮੰਦ, ਪੰਜਾਬੀ ਦੀਆਂ ਨਵੀਆਂ ਕਲਮਾਂ ਨਵੀਂ ਉਡਾਣ ਨੂੰ ਉਤਸ਼ਾਹਿਤ ਕਰਨ ਵਾਲੇ ਸੁੱਖੀ ਬਾਠ ਵੱਲੋਂ ਸ਼ਾਇਰ ਧਰਮ ਪਾਲ ਪੈਂਥਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੁੱਖੀ ਬਾਠ ਨੇ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੁੰਦੀ ਹੈ ਜਦੋਂ ਕੋਈ ਸ਼ਾਇਰ ਜਾਂ ਸਾਹਿਤਕਾਰ ਪੰਜਾਬੀ ਮਾਂ ਬੋਲੀ ਦਾ ਪ੍ਰਚਾਰ ਪ੍ਰਸਾਰ ਕਰਨ ਵਾਲਾ ਕੈਨੇਡਾ ਦੀ ਧਰਤੀ 'ਤੇ ਆਉਂਦਾ ਹੈ ਤਾਂ ਪੰਜਾਬ ਭਵਨ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹਨਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇ। ਪੈਂਥਰ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਦੋ ਪੁਸਤਕਾਂ ਨਵੀਆਂ ਲੀਹਾਂ ਅਤੇ ਵਿਵਸਥਾ ਪਰਿਵਰਤਨ ਪਾਈਆਂ। ਪੰਜਾਬੀ ਦੇ ਬਹੁਤ ਸਾਰੇ ਸਾਂਝੇ ਕਾਵਿ ਸੰਗ੍ਰਹਿ ਵਿੱਚ ਰਚਨਾਵਾਂ ਸ਼ਾਮਿਲ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਉਹ ਆਪਣਾ ਸਫ਼ਰ ਜਾਰੀ ਰੱਖੇਗਾ।



ਇਸ ਮੌਕੇ 'ਤੇ ਸੁੱਖੀ ਬਾਠ ਨੇ ਚਿੰਤਾ ਜ਼ਾਹਰ ਕਰਦਿਆਂ ਹੋਇਆ ਕਿਹਾ ਕਿ ਵਿਦੇਸ਼ਾਂ ਦੀ ਚਮਕ ਦਮਕ ਅਤੇ ਡਾਲਰਾਂ ਦੀ ਮੋਹ ਮਾਇਆ ਨੇ ਪੰਜਾਬ ਅਤੇ ਪੰਜਾਬੀਆਂ ਵਿੱਚ ਰਿਸ਼ਤਿਆਂ ਦੀ ਸਾਂਝ ਖਤਮ ਕਰ ਦਿੱਤੀ। ਹਰੇਕ ਇਨਸਾਨ ਨੇ ਪੈਸੇ ਦੀ ਦੌੜ ਲਾਈ ਹੋਈ ਜਿਸ ਨਾਲ ਉਹ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਮਿਲਣਾ ਵੀ ਮੁਨਾਸਿਬ ਨਹੀਂ ਸਮਝਦਾ। ਪੰਜਾਬ ਭਵਨ ਆਪਣੇ ਸੀਮਿਤ ਸਾਧਨਾਂ ਰਾਹੀਂ ਭਰਪੂਰ ਕੋਸ਼ਿਸ਼ ਕਰ ਰਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੀ ਮਾਂ ਬੋਲੀ ਅਤੇ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਜਾਵੇ। ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਹੁੰਦੇ ਹਨ, ਸਾਡਾ ਸਾਰਿਆਂ ਦਾ ਕਰਤੱਵ ਬਣਦਾ ਹੈ ਕਿ ਕੱਲ੍ਹ ਦੇ ਭਵਿੱਖ ਨੂੰ ਵਧੀਆ ਬਣਾਉਣ ਲਈ ਲੋੜੀਂਦੇ ਉਪਰਾਲੇ ਕਰੀਏ।

ਆਪਣੇ ਸਨਮਾਨ ਵਿੱਚ ਧਰਮ ਪਾਲ ਪੈਂਥਰ ਨੇ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਨਮਾਨ ਨੇ ਪੰਜਾਬੀਅਤ ਅਤੇ ਪੰਜਾਬੀ ਮਾਂ ਬੋਲੀ ਲਈ ਮੇਰੀ ਜ਼ਿੰਮੇਵਾਰੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਮੈਂ ਹਮੇਸ਼ਾ ਆਪਣੀਆਂ ਰਚਨਾਵਾਂ ਰਾਹੀਂ ਦੱਬੇ ਕੁਚਲੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ, ਮਾਨਵਤਾਵਾਦੀ ਮਹਾਂਪੁਰਖਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ, ਦਿਨੋ-ਦਿਨ ਵੱਧ ਰਿਹਾ ਬਾਬਾਵਾਦ, ਸਮਾਜਿਕ ਕੁਰੀਤੀਆਂ, ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਉਜਾਗਰ ਕੀਤਾ ਹੈ। ਪੰਜਾਬ ਭਵਨ ਵਲੋਂ ਧਰਮ ਪਾਲ ਪੈਂਥਰ ਅਤੇ ਉਹਨਾਂ ਦੀ ਸਪੁੱਤਰੀ ਮਲਿਕਾ ਭਾਟੀਆ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।




# ਦੁੱਲਾ ਭੱਟੀ ਅਤੇ ਸੁੰਦਰੀ-ਮੁੰਦਰੀ ਇੱਜ਼ਤ, ਬਗਾਵਤ ਅਤੇ ਪੰਜਾਬੀ ਜ਼ਮੀਰ ਦੀ ਅਮਰ ਗਾਥਾ

## ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਲੋਕ ਨਾਇਕਾਂ ਦੀ ਇਤਿਹਾਸਕ ਅਤੇ ਸਮਾਜਕ ਭੂਮਿਕਾ ਪੜ੍ਹਾਈ ਜਾਵੇ





ਜਦੋਂ ਕਿਸੇ ਦੇਸ਼ ਦੇ ਲੋਕ ਗੀਤ ਸਦੀਆਂ ਤੱਕ ਕਿਸੇ ਬਾਗੀ ਦਾ ਨਾਂ ਗਾਂਦੇ ਰਹਿਣ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਬਾਗੀ ਇਤਿਹਾਸ ਦੀ ਗਲਤੀ ਨਹੀਂ, ਸਗੋਂ ਇਤਿਹਾਸ ਦੀ ਲੋੜ ਸੀ। ਦੁੱਲਾ ਭੱਟੀ ਅਤੇ ਸੁੰਦਰੀ-ਮੁੰਦਰੀ ਦੀ ਕਹਾਣੀ ਸਿਰਫ਼ ਪੰਜਾਬ ਦੀ ਲੋਕ ਕਥਾ ਨਹੀਂ, ਇਹ ਭਾਰਤੀ ਉਪਮਹਾਦੀਪ ਦੇ ਉਸ ਸਮਾਜਕ ਜ਼ਮੀਰ ਦੀ ਗੂੰਜ ਹੈ ਜੋ ਹਮੇਸ਼ਾ ਤਾਕਤ ਦੇ ਸਾਹਮਣੇ ਸਵਾਲ ਬਣ ਕੇ ਖੜ੍ਹਦਾ ਆਇਆ ਹੈ। ਇਹ ਕਹਾਣੀ ਇੱਕ ਐਸੇ ਦੌਰ ਦੀ ਹੈ ਜਦੋਂ ਕਾਨੂੰਨ ਤਲਵਾਰ ਦੇ ਅਧੀਨ ਸੀ, ਜਦੋਂ ਔਰਤ ਦੀ ਇੱਜ਼ਤ ਹਕੂਮਤ ਦੀ ਜਾਇਦਾਦ ਸਮਝੀ ਜਾਂਦੀ ਸੀ, ਅਤੇ ਜਦੋਂ ਚੁੱਪੀ ਨੂੰ ਸਮਝਦਾਰੀ ਕਿਹਾ ਜਾਂਦਾ ਸੀ। ਅਜਿਹੇ ਸਮੇਂ 'ਚ ਦੁੱਲਾ ਭੱਟੀ ਦਾ ਖੜ੍ਹਾ ਹੋਣਾ ਸਿਰਫ਼ ਇਕ ਬਗਾਵਤ ਨਹੀਂ, ਸਗੋਂ ਮਨੁੱਖੀ ਮਰਿਆਦਾ ਦੀ ਰਾਸ਼ਟਰੀ ਘੋਸ਼ਣਾ ਸੀ। ਸੁੰਦਰੀ ਅਤੇ ਮੁੰਦਰੀ—ਦੋ ਗਰੀਬ ਧੀਆਂ—ਦੀ ਰੱਖਿਆ ਕਰਨਾ ਸਿਰਫ਼ ਇਕ ਪਰਿਵਾਰ ਦੀ ਮਦਦ ਨਹੀਂ ਸੀ, ਇਹ ਉਸ ਸਮਾਜਕ ਪ੍ਰਣਾਲੀ ਨੂੰ ਸਿੱਧੀ ਚੁਣੌਤੀ ਸੀ ਜੋ ਤਾਕਤਵਰ ਨੂੰ ਸਭ ਕੁਝ ਕਰਨ ਦੀ ਛੂਟ ਦਿੰਦੀ ਸੀ। ਇਹੀ ਕਾਰਨ ਹੈ ਕਿ ਲੋਹੜੀ ਦੀ ਅੱਗ ਸਿਰਫ਼ ਮੌਸਮ ਦੀ ਰਸਮ ਨਹੀਂ, ਸਗੋਂ ਇਨਸਾਫ਼ ਦੀ ਯਾਦਗਾਰ ਬਣੀ ਹੋਈ ਹੈ। ਸੋਲ੍ਹਵੀਂ ਸਦੀ ਦਾ ਪੰਜਾਬ ਮੁਗਲ ਸਲਤਨਤ ਦੇ ਕਬਜ਼ੇ ਹੇਠ ਸੀ। ਦਿੱਲੀ ਦੀ ਤਖ਼ਤ ਤੋਂ ਜਾਰੀ ਹੁਕਮ ਸੂਬੇਦਾਰਾਂ, ਨੰਬਰਦਾਰਾਂ ਅਤੇ ਜਾਗੀਰਦਾਰਾਂ ਰਾਹੀਂ ਪਿੰਡਾਂ ਤੱਕ ਪਹੁੰਚਦੇ ਸਨ। ਕਾਗਜ਼ਾਂ 'ਚ ਕਾਨੂੰਨ ਸੀ, ਪਰ ਹਕੀਕਤ 'ਚ ਤਾਕਤਵਰ ਦੀ ਮਰਜ਼ੀ ਹੀ ਕਾਨੂੰਨ ਬਣੀ ਹੋਈ ਸੀ। ਕਿਸਾਨਾਂ ਤੋਂ ਬੇਹਿਸਾਬ ਟੈਕਸ, ਜ਼ਮੀਨਾਂ ਦੀ ਲੁੱਟ, ਅਤੇ ਔਰਤਾਂ ਦੀ ਇੱਜ਼ਤ ਨਾਲ ਖੇਡ—ਇਹ ਸਭ ਉਸ ਦੌਰ ਦੀ ਕੌੜੀ ਸੱਚਾਈ ਸੀ। ਗਰੀਬ ਲੋਕਾਂ ਲਈ ਇਨਸਾਫ਼ ਇੱਕ ਸੁਪਨਾ ਸੀ। ਜੇ ਕਿਸੇ ਨੇ ਆਵਾਜ਼ ਚੁੱਕੀ, ਤਾਂ ਉਸਨੂੰ ਬਾਗੀ ਕਹਿ ਕੇ ਕੁਚਲ ਦਿੱਤਾ ਜਾਂਦਾ। ਅਜਿਹੇ ਅੰਧੇਰੇ ਦੌਰ ਵਿੱਚ ਜਦੋਂ ਸਮਾਜ ਚੁੱਪ ਸੀ, ਉਸ ਵੇਲੇ ਕੁਝ ਲੋਕ ਅਜਿਹੇ ਵੀ ਸਨ ਜੋ ਖੜ੍ਹੇ ਹੋਏ। ਉਹਨਾਂ ਵਿੱਚੋਂ ਸਭ ਤੋਂ ਉੱਚਾ ਨਾਂ ਸੀ—ਦੁੱਲਾ ਭੱਟੀ। ਸੁੰਦਰੀ ਅਤੇ ਮੁੰਦਰੀ ਦੋ ਸਕੀਆਂ ਭੈਣਾਂ ਸਨ। ਉਹ ਇੱਕ ਗਰੀਬ ਬ੍ਰਾਹਮਣ ਦੇ ਘਰ ਜਨਮੀਆਂ, ਜਿਸ ਕੋਲ ਨਾ ਦੌਲਤ ਸੀ, ਨਾ ਸਿਫ਼ਾਰਸ਼। ਪਰ ਉਸ ਕੋਲ ਆਪਣੀਆਂ ਧੀਆਂ ਲਈ ਇੱਜ਼ਤ ਦਾ ਸੁਪਨਾ ਸੀ। ਦੋਵੇਂ ਭੈਣਾਂ ਆਪਣੀ ਸਾਦਗੀ, ਸੁੰਦਰਤਾ ਅਤੇ ਸੁਭਾਅ ਕਰਕੇ ਪਿੰਡ ਵਿੱਚ ਜਾਣੀਆਂ ਜਾਂਦੀਆਂ ਸਨ। ਪਰ ਜਿਥੇ ਗਰੀਬ ਦੀ ਧੀ ਦੀ ਸੁੰਦਰਤਾ ਉਸ ਲਈ ਵਰਦਾਨ ਨਹੀਂ, ਸਗੋਂ ਮੁਸੀਬਤ ਬਣ ਜਾਂਦੀ ਹੈ, ਉਥੇ ਹੀ ਇਹ ਕਹਾਣੀ ਵੀ ਮੋੜ ਲੈਂਦੀ ਹੈ। ਇਲਾਕੇ ਦੇ ਮੁਗਲ ਹਾਕਮ ਦੀ ਨਜ਼ਰ ਜਦੋਂ ਇਨ੍ਹਾਂ ਭੈਣਾਂ 'ਤੇ ਪਈ, ਤਦੋਂ ਉਨ੍ਹਾਂ ਦੀ ਜ਼ਿੰਦਗੀ 'ਚ ਤੂਫ਼ਾਨ ਆ ਗਿਆ। ਮੁਗਲ ਹਾਕਮ ਨੇ ਸੁੰਦਰੀ ਅਤੇ ਮੁੰਦਰੀ ਨੂੰ ਆਪਣੇ ਹਰਮ 'ਚ ਲਿਜਾਣ ਦੀ ਨੀਅਤ ਬਣਾਈ। ਉਸ ਨੇ ਬ੍ਰਾਹਮਣ ਪਿਤਾ 'ਤੇ ਦਬਾਅ ਬਣਾਉਣਾ ਸ਼ੁਰੂ ਕੀਤਾ—ਕਦੇ ਧਮਕੀ, ਕਦੇ ਲਾਲਚ। ਗਰੀਬ ਬ੍ਰਾਹਮਣ ਲਈ ਇਹ ਸਿਰਫ਼ ਇਕ ਸਰਕਾਰੀ ਹੁਕਮ ਨਹੀਂ ਸੀ, ਸਗੋਂ ਉਸ ਦੀ ਧੀਆਂ ਦੀ ਇੱਜ਼ਤ 'ਤੇ ਹਮਲਾ ਸੀ। ਉਸ ਸਮੇਂ ਔਰਤ ਦੀ ਮਰਜ਼ੀ ਦੀ ਕੋਈ ਕਦਰ ਨਹੀਂ ਸੀ। ਹਾਕਮਾਂ ਲਈ ਔਰਤ ਸਿਰਫ਼ ਇਕ ਵਸਤੂ ਸੀ। ਬ੍ਰਾਹਮਣ ਹਰ ਦਰ 'ਤੇ ਗਿਆ, ਪਰ ਹਰ ਥਾਂ ਖੌਫ਼ ਦਾ ਸਾਇਆ ਸੀ। ਕੋਈ ਵੀ ਮੁਗਲ ਹਕੂਮਤ ਦੇ ਖ਼ਿਲਾਫ਼ ਖੜ੍ਹਾ ਹੋਣ ਨੂੰ ਤਿਆਰ ਨਹੀਂ ਸੀ। ਦੁੱਲਾ ਭੱਟੀ ਉਸ ਸਮੇਂ ਪਹਿਲਾਂ ਹੀ ਮੁਗਲ ਹਕੂਮਤ ਲਈ ਸਿਰਦਰਦ ਬਣਿਆ ਹੋਇਆ ਸੀ। ਉਹ ਜੰਗਲਾਂ 'ਚ ਰਹਿ ਕੇ ਜ਼ੁਲਮ ਦੇ ਖ਼ਿਲਾਫ਼ ਲੜ ਰਿਹਾ ਸੀ। ਲੋਕ ਉਸਨੂੰ ਡਾਕੂ ਕਹਿੰਦੇ ਸਨ, ਪਰ ਗਰੀਬ ਉਸਨੂੰ ਰਾਖਾ ਮੰਨਦੇ ਸਨ।

ਜਦੋਂ ਬ੍ਰਾਹਮਣ ਨੇ ਆਪਣਾ ਦੁੱਖ ਦੁੱਲੇ ਸਾਹਮਣੇ ਰੱਖਿਆ, ਦੁੱਲਾ ਖਾਮੋਸ਼ ਨਹੀਂ ਰਿਹਾ। ਉਸ ਨੇ ਸਾਫ਼ ਕਿਹਾ—

"ਜਦ ਤੱਕ ਦੁੱਲਾ ਜਿਉਂਦਾ ਹੈ, ਕਿਸੇ ਧੀ ਦੀ ਇੱਜ਼ਤ ਹਕੂਮਤ ਦੀ ਢਾਲ ਨਹੀਂ ਬਣੇਗੀ।"

ਇਹ ਸਿਰਫ਼ ਵਚਨ ਨਹੀਂ ਸੀ, ਇਹ ਮੁਗਲ ਤਾਕਤ ਲਈ ਖੁੱਲ੍ਹੀ ਚੁਣੌਤੀ ਸੀ। ਮੁਗਲ ਡਰ ਕਾਰਨ ਕੋਈ ਵੀ ਪਿੰਡ 'ਚ ਵਿਆਹ ਕਰਨ ਨੂੰ ਤਿਆਰ ਨਹੀਂ ਸੀ। ਦੁੱਲਾ ਭੱਟੀ ਨੇ ਫੈਸਲਾ ਕੀਤਾ ਕਿ ਵਿਆਹ ਜੰਗਲ ਵਿੱਚ ਹੋਵੇਗਾ। ਰਾਤ ਦਾ ਸਮਾਂ ਚੁਣਿਆ ਗਿਆ, ਤਾਂ ਜੋ ਹਕੂਮਤੀ ਨਜ਼ਰ ਤੋਂ ਬਚਿਆ ਜਾ ਸਕੇ। ਜੰਗਲ ਦੀ ਖਾਮੋਸ਼ੀ ਵਿੱਚ ਜਦੋਂ ਵਿਆਹ ਦੀਆਂ ਰਸਮਾਂ ਹੋਈਆਂ, ਉਹ ਸਿਰਫ਼ ਦੋ ਧੀਆਂ ਦਾ ਵਿਆਹ ਨਹੀਂ ਸੀ—ਉਹ ਤਾਕਤ ਦੇ ਖ਼ਿਲਾਫ਼ ਇਨਸਾਫ਼ ਦੀ ਜਿੱਤ ਸੀ।

ਰਾਤ ਦੇ ਠੰਡੇ ਮਾਹੌਲ ਵਿੱਚ ਦੁੱਲੇ ਨੇ ਲੱਕੜਾਂ ਇਕੱਠੀਆਂ ਕਰਕੇ ਅੱਗ ਬਾਲੀ। ਇਹ ਅੱਗ ਅੱਜ ਲੋਹੜੀ ਦੀ ਅੱਗ ਵਜੋਂ ਜਾਣੀ ਜਾਂਦੀ ਹੈ। ਦੁੱਲਾ ਭੱਟੀ ਕੋਲ ਦਾਜ ਲਈ ਕੁਝ ਨਹੀਂ ਸੀ। ਉਸ ਨੇ ਆਪਣੀ ਝੋਲੀ 'ਚੋਂ ਇੱਕ ਸੇਰ ਸ਼ੱਕਰ ਕੱਢ ਕੇ ਧੀਆਂ ਦੀ ਝੋਲੀ 'ਚ ਪਾਈ। ਇਹ ਸ਼ੱਕਰ ਮਿੱਠਾਸ ਦਾ ਨਹੀਂ, ਸਗੋਂ ਇੱਜ਼ਤ ਦਾ ਪ੍ਰਤੀਕ ਸੀ।

ਇਹ ਘਟਨਾ ਲੋਕ ਗੀਤ ਬਣ ਗਈ—

ਸੁੰਦਰ ਮੁੰਦਰੀਏ ਹੋ! ਤੇਰਾ ਕੌਣ ਵਿਚਾਰਾ ਹੋ!
ਦੁੱਲਾ ਭੱਟੀ ਵਾਲਾ ਹੋ!

ਇਹ ਗੀਤ ਅੱਜ ਵੀ ਲੋਹੜੀ 'ਤੇ ਗੂੰਜਦਾ ਹੈ ਅਤੇ ਦੁੱਲਾ ਭੱਟੀ ਨੂੰ ਅਮਰ ਕਰਦਾ ਹੈ।

ਸੁੰਦਰੀ-ਮੁੰਦਰੀ ਦੀ ਕਹਾਣੀ ਅੱਜ ਵੀ ਉਨੀ ਹੀ ਸੱਚੀ ਹੈ। ਜਦੋਂ ਔਰਤਾਂ 'ਤੇ ਜ਼ੁਲਮ ਹੁੰਦਾ ਹੈ, ਇਹ ਕਹਾਣੀ ਸਾਨੂੰ ਯਾਦ ਦਿਲਾਉਂਦੀ ਹੈ ਕਿ ਚੁੱਪ ਰਹਿਣਾ ਵੀ ਜ਼ੁਲਮ ਦਾ ਸਾਥ ਦੇਣਾ

ਦੁੱਲਾ ਭੱਟੀ ਸਿਰਫ਼ ਇਕ ਇਤਿਹਾਸਕ ਪਾਤਰ ਨਹੀਂ, ਉਹ ਪੰਜਾਬੀ ਜ਼ਮੀਰ ਦੀ ਆਵਾਜ਼ ਹੈ। ਲੋਹੜੀ ਦੀ ਅੱਗ ਹਰ ਸਾਲ ਸਾਨੂੰ ਇਹ ਯਾਦ ਦਿਲਾਉਂਦੀ ਹੈ ਕਿ ਇਨਸਾਫ਼ ਲਈ ਖੜ੍ਹੇ ਹੋਣਾ ਹੀ ਅਸਲੀ ਬਹਾਦਰੀ ਹੈ। ਇਤਿਹਾਸਕਾਰਾਂ ਅਨੁਸਾਰ ਦੁੱਲਾ ਭੱਟੀ ਦਾ ਜਨਮ ਇੱਕ ਅਜਿਹੇ ਪਰਿਵਾਰ ਵਿੱਚ ਹੋਇਆ ਜੋ ਪਹਿਲਾਂ ਹੀ ਮੁਗਲ ਹਕੂਮਤ ਦੀਆਂ ਨੀਤੀਆਂ ਦਾ ਸ਼ਿਕਾਰ ਬਣ ਚੁੱਕਾ ਸੀ। ਉਸ ਦੇ ਪਿਉ ਅਤੇ ਪੁਰਵਜਾਂ ਤੋਂ ਜ਼ਮੀਨ ਛੀਨੀ ਗਈ, ਟੈਕਸਾਂ ਦੇ ਬਹਾਨੇ ਲੁੱਟ ਕੀਤੀ ਗਈ ਅਤੇ ਆਖ਼ਰਕਾਰ ਇਨਸਾਫ਼ ਦੇ ਹਰ ਰਾਹ ਨੂੰ ਬੰਦ ਕਰ ਦਿੱਤਾ ਗਿਆ। ਇਹੀ ਉਹ ਮੋੜ ਸੀ ਜਿਥੋਂ ਦੁੱਲਾ ਭੱਟੀ ਨੇ ਕਾਨੂੰਨ ਦੇ ਨਹੀਂ, ਜ਼ੁਲਮ ਦੇ ਖ਼ਿਲਾਫ਼ ਬਗਾਵਤ ਚੁਣੀ। ਦੁੱਲਾ ਭੱਟੀ ਲਈ ਬਗਾਵਤ ਰੋਜ਼ੀ-ਰੋਟੀ ਨਹੀਂ, ਸਗੋਂ ਮਜਬੂਰੀ ਸੀ। ਉਸ ਦੀ ਤਲਵਾਰ ਸਿਰਫ਼ ਹਕੂਮਤ ਵੱਲ ਨਹੀਂ ਉਠੀ, ਸਗੋਂ ਉਹਨਾਂ ਦੇ ਹੱਕ ਵਿੱਚ ਸੀ ਜੋ ਆਪਣੇ ਹੱਕਾਂ ਲਈ ਬੋਲ ਨਹੀਂ ਸਕਦੇ ਸਨ। ਮੁਗਲ ਰਾਜ ਵਿੱਚ ਸੂਬੇਦਾਰਾਂ ਅਤੇ ਨੰਬਰਦਾਰਾਂ ਨੂੰ ਬੇਹੱਦ ਅਧਿਕਾਰ ਦਿੱਤੇ ਗਏ ਸਨ। ਇਹ ਅਧਿਕਾਰ ਅਕਸਰ ਨਿਆਂ ਲਈ ਨਹੀਂ, ਸਗੋਂ ਨਿੱਜੀ ਲਾਲਚ ਲਈ ਵਰਤੇ ਜਾਂਦੇ। ਗਰੀਬਾਂ ਦੀਆਂ ਧੀਆਂ, ਕਿਸਾਨਾਂ ਦੀਆਂ ਧਰਤੀਆਂ ਅਤੇ ਮਜ਼ਦੂਰਾਂ ਦੀ ਮਿਹਨਤ—ਸਭ ਕੁਝ ਹਕੂਮਤ ਦੇ ਹਵਾਲੇ ਸੀ। ਸੁੰਦਰੀ ਅਤੇ ਮੁੰਦਰੀ ਦੀ ਕਹਾਣੀ ਅਜਿਹੇ ਹੀ ਪ੍ਰਸ਼ਾਸਕੀ ਜ਼ੁਲਮ ਦੀ ਜੀਤੀ-ਜਾਗਦੀ ਮਿਸਾਲ ਹੈ। ਜਿੱਥੇ ਕਾਨੂੰਨ ਔਰਤ ਦੀ ਰੱਖਿਆ ਨਹੀਂ ਕਰਦਾ, ਉਥੇ ਲੋਕ ਨਾਇਕ ਜਨਮ ਲੈਂਦੇ ਹਨ।

ਸੋਲ੍ਹਵੀਂ ਸਦੀ ਦੇ ਪੰਜਾਬ ਵਿੱਚ ਔਰਤ ਦੀ ਸਥਿਤੀ ਬਹੁਤ ਨਾਜ਼ੁਕ ਸੀ। ਹਕੂਮਤੀ ਤਾਕਤ, ਸਮਾਜਕ ਡਰ ਅਤੇ ਆਰਥਿਕ ਬੇਬਸੀ ਨੇ ਉਸਨੂੰ ਤਿੰਨ ਪਾਸਿਆਂ ਤੋਂ ਘੇਰਿਆ ਹੋਇਆ ਸੀ। ਅਜਿਹੇ ਸਮੇਂ 'ਚ ਦੁੱਲਾ ਭੱਟੀ ਵੱਲੋਂ ਦੋ ਗਰੀਬ ਧੀਆਂ ਲਈ ਖੜ੍ਹੇ ਹੋਣਾ ਇਕ ਕ੍ਰਾਂਤੀਕਾਰੀ ਕਦਮ ਸੀ। ਉਸ ਨੇ ਸਿਰਫ਼ ਦੋ ਧੀਆਂ ਦੀ ਨਹੀਂ, ਸਗੋਂ ਔਰਤ ਦੀ ਸਮੂਹਿਕ ਇੱਜ਼ਤ ਦੀ ਰੱਖਿਆ ਲੋਹੜੀ ਨੂੰ ਅਕਸਰ ਸਿਰਫ਼ ਰਸਮੀ ਤਿਉਹਾਰ ਸਮਝਿਆ ਜਾਂਦਾ ਹੈ, ਪਰ ਅਸਲ ਵਿੱਚ ਇਹ ਜ਼ੁਲਮ ਦੇ ਖ਼ਿਲਾਫ਼ ਲੋਕੀ ਵਿਰੋਧ ਦੀ ਯਾਦ ਹੈ। ਅੱਗ, ਗੀਤ ਅਤੇ ਇਕੱਠ—ਇਹ ਤਿੰਨੇ ਤੱਤ ਸਮਾਜਕ ਏਕਤਾ ਦਾ ਪ੍ਰਤੀਕ ਹਨ। ਦੁੱਲਾ ਭੱਟੀ ਦੀ ਕਹਾਣੀ ਬਿਨਾਂ ਲੋਹੜੀ ਅਧੂਰੀ ਹੈ ਅਤੇ ਲੋਹੜੀ ਬਿਨਾਂ ਦੁੱਲਾ ਭੱਟੀ। ਜੋ ਕਹਾਣੀ ਕਦੇ ਅੱਗ ਦੇ ਗਿਰਦ ਗਾਈ ਜਾਂਦੀ ਸੀ, ਅੱਜ ਅਖ਼ਬਾਰਾਂ, ਕਾਲਮਾਂ ਅਤੇ ਸਿਲੇਬਸਾਂ ਤੱਕ ਪਹੁੰਚ ਚੁੱਕੀ ਹੈ। ਇਹ ਸਾਬਤ ਕਰਦਾ ਹੈ ਕਿ ਲੋਕੀ ਇਤਿਹਾਸ ਕਾਗਜ਼ੀ ਇਤਿਹਾਸ ਨਾਲੋਂ ਵਧੇਰੇ ਤਾਕਤਵਰ ਹੁੰਦਾ ਹੈ। ਅੱਜ ਵੀ ਜਦੋਂ ਔਰਤਾਂ ਨਾਲ ਅਨਿਆਇ ਹੁੰਦਾ ਹੈ, ਜਦੋਂ ਤਾਕਤ ਕਾਨੂੰਨ ਤੋਂ ਉੱਪਰ ਖੜ੍ਹਦੀ ਹੈ, ਤਦੋਂ ਦੁੱਲਾ ਭੱਟੀ ਸਾਨੂੰ ਸਵਾਲ ਪੁੱਛਦਾ ਹੈ—ਕੀ ਅਸੀਂ ਖਾਮੋਸ਼ ਰਹਾਂਗੇ ਜਾਂ ਖੜ੍ਹੇ ਹੋਵਾਂਗੇ?

ਦੁੱਲਾ ਭੱਟੀ ਕੋਈ ਮਿਥਕ ਨਹੀਂ। ਉਹ ਹਰ ਉਸ ਵਿਅਕਤੀ ਵਿੱਚ ਜਿਉਂਦਾ ਹੈ ਜੋ ਗਲਤ ਦੇ ਖ਼ਿਲਾਫ਼ ਬੋਲਦਾ ਹੈ। ਲੋਹੜੀ ਦੀ ਅੱਗ ਸਾਨੂੰ ਸਿਰਫ਼ ਗਰਮੀ ਨਹੀਂ ਦਿੰਦੀ, ਸਗੋਂ ਹਿੰਮਤ ਵੀ ਦਿੰਦੀ ਹੈ। ਇਹੀ ਦੁੱਲਾ ਭੱਟੀ ਦੀ ਅਸਲ ਵਿਰਾਸਤ ਹੈ—ਇਨਸਾਫ਼, ਇੱਜ਼ਤ ਅਤੇ ਇਨਕਾਰ।

ਪੰਜਾਬੀ ਇਤਿਹਾਸ ਵਿੱਚ ਦੁੱਲਾ ਭੱਟੀ ਇਕੱਲਾ ਨਹੀਂ ਜੋ ਲੋਕ ਨਾਇਕ ਬਣਿਆ। ਪੂਰਨ ਭਗਤ, ਰਾਜਾ ਰਸਾਲੂ, ਧੰਨਾ ਭਗਤ ਵਰਗੇ ਕਿਰਦਾਰ ਵੀ ਲੋਕੀ ਯਾਦ ਵਿੱਚ ਜੀਉਂਦੇ ਹਨ। ਪਰ ਦੁੱਲਾ ਭੱਟੀ ਦੀ ਵਿਲੱਖਣਤਾ ਇਹ ਹੈ ਕਿ ਉਸ ਦੀ ਬਹਾਦਰੀ ਸਿਰਫ਼ ਯੁੱਧ ਤੱਕ ਸੀਮਤ ਨਹੀਂ, ਸਗੋਂ ਸਮਾਜਕ ਇਨਸਾਫ਼ ਨਾਲ ਜੁੜੀ ਹੋਈ ਹੈ। ਉਸ ਨੇ ਤਲਵਾਰ ਨਾਲ ਨਾਲ ਨੈਤਿਕ ਹਿੰਮਤ ਦਾ ਵੀ ਪ੍ਰਦਰਸ਼ਨ ਕੀਤਾ। ਉਹ ਲੋਕ ਨਾਇਕ ਇਸ ਲਈ ਬਣਿਆ ਕਿਉਂਕਿ ਉਸ ਦੀ ਲੜਾਈ ਕਿਸੇ ਤਖ਼ਤ ਲਈ ਨਹੀਂ, ਸਗੋਂ ਧਰਤੀ ਨਾਲ ਜੁੜੇ ਆਮ ਮਨੁੱਖ ਲਈ

ਕਈ ਇਤਿਹਾਸਕਾਰ ਦੁੱਲਾ ਭੱਟੀ ਨੂੰ ਇਤਿਹਾਸਕ ਪਾਤਰ ਮੰਨਦੇ ਹਨ, ਜਦਕਿ ਕੁਝ ਉਸਨੂੰ ਲੋਕ ਕਥਾ ਦਾ ਪ੍ਰਤੀਕ ਕਹਿੰਦੇ ਹਨ। ਪਰ ਪੰਜਾਬੀ ਸਮਾਜ ਲਈ ਇਹ ਵੰਡ ਅਹਿਮ ਨਹੀਂ। ਲੋਕਾਂ ਲਈ ਉਹ ਸੱਚ ਹੈ ਜੋ ਲੋਕਾਂ ਦੇ ਦੁੱਖ ਦਾ ਇਲਾਜ ਬਣੇ।

ਸੁੰਦਰੀ-ਮੁੰਦਰੀ ਦੀ ਕਹਾਣੀ ਭਾਵੇਂ ਪ੍ਰਤੀਕਾਤਮਕ ਹੋਵੇ, ਪਰ ਉਸ ਵਿੱਚ ਦਰਸਾਇਆ ਗਿਆ ਜ਼ੁਲਮ ਅਤੇ ਵਿਰੋਧ ਪੂਰੀ ਤਰ੍ਹਾਂ ਹਕੀਕਤ ਹੈ। ਲੋਹੜੀ ਦੇ ਗੀਤ ਕਿਸੇ ਦਰਬਾਰ ਨੇ ਨਹੀਂ ਲਿਖੇ। ਇਹ ਲੋਕਾਂ ਨੇ ਬਣਾਏ, ਲੋਕਾਂ ਨੇ ਗਾਏ ਅਤੇ ਲੋਕਾਂ ਨੇ ਸੰਭਾਲੇ। ਇਸ ਲਈ ਇਹ ਗੀਤ ਲੋਕੀ ਅਦਾਲਤ ਦਾ ਫ਼ੈਸਲਾ ਹਨ। ਜਦੋਂ ਸਦੀਆਂ ਤੋਂ ਇੱਕ ਹੀ ਨਾਂ ਗਾਇਆ ਜਾ ਰਿਹਾ ਹੋਵੇ, ਤਾਂ ਸਮਝੋ ਕਿ ਸਮਾਜ ਨੇ ਉਸਨੂੰ ਆਪਣਾ ਹੀਰੋ ਮੰਨ ਲਿਆ ਹੈ। ਸੇਰ ਸ਼ੱਕਰ ਦੀ ਰਸਮ ਸਿਰਫ਼ ਸਾਦਗੀ ਨਹੀਂ, ਸਗੋਂ ਦਾਜ ਪ੍ਰਥਾ ਉੱਤੇ ਡੂੰਘੀ ਚੋਟ ਹੈ। ਦੁੱਲਾ ਭੱਟੀ ਨੇ ਇਹ ਦਰਸਾਇਆ ਕਿ ਧੀ ਦਾ ਮਾਣ ਦੌਲਤ ਨਾਲ ਨਹੀਂ, ਨੀਅਤ ਨਾਲ ਹੁੰਦਾ ਹੈ। ਇਹ ਸੰਦੇਸ਼ ਅੱਜ ਦੇ ਸਮਾਜ ਲਈ ਵੀ ਉਤਨਾ ਹੀ ਮਹੱਤਵਪੂਰਨ ਹੈ

ਅੱਜ ਦੇ ਸਮੇਂ ਵਿੱਚ ਵੀ ਜਦੋਂ ਅਪਰਾਧ, ਅਨਿਆਇ ਅਤੇ ਔਰਤਾਂ ਉੱਤੇ ਜ਼ੁਲਮ ਦੀਆਂ ਖ਼ਬਰਾਂ ਆਉਂਦੀਆਂ ਹਨ, ਤਦੋਂ ਦੁੱਲਾ ਭੱਟੀ ਸਿਰਫ਼ ਇਤਿਹਾਸ ਨਹੀਂ ਰਹਿੰਦਾ—ਉਹ ਸਵਾਲ ਬਣ ਕੇ ਖੜ੍ਹਦਾ ਹੈ। ਕੀ ਸਮਾਜ ਅੱਜ ਵੀ ਮਜ਼ਲੂਮ ਦੇ ਨਾਲ ਖੜ੍ਹਨ ਦੀ ਹਿੰਮਤ ਰੱਖਦਾ ਹੈ? ਨਵੀਂ ਪੀੜ੍ਹੀ ਲਈ ਦੁੱਲਾ ਭੱਟੀ ਸਿਰਫ਼ ਗੀਤ ਦਾ ਨਾਂ ਨਾ ਬਣ ਕੇ ਰਹਿ ਜਾਵੇ, ਇਸ ਲਈ ਲੋੜ ਹੈ ਕਿ ਸਕੂਲਾਂ, ਕਾਲਜਾਂ ਅਤੇ ਮੀਡੀਆ ਵਿੱਚ ਉਸ ਦੀ ਕਹਾਣੀ ਨੂੰ ਸਹੀ ਸੰਦਰਭ ਨਾਲ ਪੇਸ਼ ਕੀਤਾ ਜਾਵੇ। ਸੱਭਿਆਚਾਰਕ ਵਿਰਾਸਤ ਤਦੋਂ ਹੀ ਜਿਉਂਦੀ ਰਹਿੰਦੀ ਹੈ, ਜਦੋਂ ਉਹ ਸਵਾਲ ਪੁੱਛਣ ਦੀ ਤਾਕਤ ਲੋਹੜੀ ਦੀ ਅੱਗ ਸਦੀਆਂ ਤੋਂ ਸਲਗ ਰਹੀ ਹੈ। ਸਵਾਲ ਇਹ ਹੈ ਕਿ ਕੀ ਅਸੀਂ ਉਸ ਅੱਗ ਤੋਂ ਸਿਰਫ਼ ਗਰਮੀ ਲੈ ਰਹੇ ਹਾਂ ਜਾਂ ਉਸ ਦੀ ਰੋਸ਼ਨੀ ਨਾਲ ਅਨਿਆਇ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਹਿੰਮਤ ਵੀ? ਅੱਜ ਜਦੋਂ ਦੇਸ਼ ਭਰ ਵਿੱਚ ਔਰਤਾਂ ਦੀ ਸੁਰੱਖਿਆ, ਸਮਾਜਕ ਅਸਮਾਨਤਾ ਅਤੇ ਤਾਕਤ ਦੇ ਦੁਰਪਯੋਗ ਉੱਤੇ ਸਵਾਲ ਉਠ ਰਹੇ ਹਨ, ਤਦੋਂ ਦੁੱਲਾ ਭੱਟੀ ਦੀ ਕਹਾਣੀ ਸਿਰਫ਼ ਇਤਿਹਾਸ ਨਹੀਂ ਰਹਿੰਦੀ—ਉਹ ਦਿਸ਼ਾ-ਸੂਚਕ ਬਣ ਜਾਂਦੀ ਹੈ।

ਇਹ ਸਮਾਂ ਹੈ ਕਿ:ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਲੋਕ ਨਾਇਕਾਂ ਦੀ ਇਤਿਹਾਸਕ ਅਤੇ ਸਮਾਜਕ ਭੂਮਿਕਾ ਪੜ੍ਹਾਈ ਜਾਵੇ,ਮੀਡੀਆ ਲੋਕ ਕਥਾਵਾਂ ਨੂੰ ਸਿਰਫ਼ ਰਸਮਾਂ ਤੱਕ ਸੀਮਤ ਨਾ ਰੱਖੇ, ਸਗੋਂ ਉਨ੍ਹਾਂ ਦੇ ਸੰਦੇਸ਼ ਨੂੰ ਕੇਂਦਰ ਵਿੱਚ ਲਿਆਵੇ,ਅਤੇ ਹਰ ਨਾਗਰਿਕ ਆਪਣੇ ਅੰਦਰ ਇਹ ਸਵਾਲ ਜਗਾਏ ਕਿ ਜ਼ੁਲਮ ਦੇ ਸਾਹਮਣੇ ਉਸ ਦੀ ਭੂਮਿਕਾ ਕੀ ਹੈ।

ਦੁੱਲਾ ਭੱਟੀ ਕੋਈ ਇੱਕ ਇਲਾਕੇ ਦਾ ਹੀਰੋ ਨਹੀਂ—ਉਹ ਹਰ ਉਸ ਸਮਾਜ ਦਾ ਨਾਇਕ ਹੈ ਜੋ ਇਨਸਾਫ਼, ਇੱਜ਼ਤ ਅਤੇ ਹਿੰਮਤ 'ਤੇ ਵਿਸ਼ਵਾਸ ਰੱਖਦਾ ਹੈ।

ਜੇ ਅਸੀਂ ਲੋਹੜੀ ਦੀ ਅੱਗ ਨੂੰ ਸਿਰਫ਼ ਤਿਉਹਾਰ ਸਮਝ ਕੇ ਭੁੱਲ ਗਏ, ਤਾਂ ਅਸੀਂ ਉਸ ਇਤਿਹਾਸ ਨਾਲ ਬੇਇਨਸਾਫ਼ੀ ਕਰਾਂਗੇ ਜੋ ਸਾਨੂੰ ਸਹੀ ਅਤੇ ਗਲਤ ਵਿੱਚ ਫ਼ਰਕ ਸਿਖਾਉਂਦਾ ਹੈ।

**ਗੁਰਭਿੰਦਰ ਗੁਰੀ**
**+447951 590424**

# ਕ੍ਰਿਤ੍ਰਿਮ ਬੁੱਧੀ ਦੇ ਯੁੱਗ ਵਿੱਚ ਅਧਿਆਪਕਾਂ ਦੀ ਵਿਕਾਸਸ਼ੀਲ ਭੂਮਿਕਾ

ਕ੍ਰਿਤ੍ਰਿਮ ਬੁੱਧੀ (AI) ਦੀ ਤਰੱਕੀ ਉਦਯੋਗਾਂ ਨੂੰ ਨਵੀਂ ਰੂਪ ਰੇਖਾ ਦੇ ਰਹੀ ਹੈ ਅਤੇ ਮਨੁੱਖੀ ਸਮਰੱਥਾ ਦੀ ਸੀਮਾਵਾਂ ਨੂੰ ਦੁਬਾਰਾ ਪਰਿਭਾਸ਼ਿਤ ਕਰ ਰਹੀ ਹੈ। ਇਸ ਤੇਜ ਰਫਤਾਰੀ ਵਿਕਾਸ ਕਾਰਨ ਅਧਿਆਪਕਾਂ ਦੀ ਭੂਮਿਕਾ ਇੱਕ ਗਹਿਰੇ ਬਦਲਾਅ ਦਾ ਸਾਹਮਣਾ ਕਰ ਰਹੀ ਹੈ। ਦੁਨੀਆ ਭਰ ਦੀਆਂ ਜਮਾਤਾਂ ਵਿੱਚ ਸਿੱਖਿਆਕਾਰ ਨਾ ਸਿਰਫ ਨਵੀਂ ਤਕਨੀਕ ਦਾ ਅਨੁਕੂਲਨ ਕਰ ਰਹੇ ਹਨ ਸਗੋਂ ਇਸ ਦੀਆਂ ਸੰਭਾਵਨਾਵਾਂ ਨੂੰ ਸਿੱਖਣ ਦੇ ਅਨੁਭਵਾਂ ਨੂੰ ਬਿਹਤਰ ਬਣਾਉਣ ਲਈ ਯਤਨ ਕਰ ਰਹੇ ਹਨ।




**ਸਿੱਖਿਆ ਵਿੱਚ ਤਕਨੀਕੀ ਬਦਲਾਅ**

ਸਿੱਖਿਆ ਵਿੱਚ ਕ੍ਰਿਤਮ ਬੁੱਧੀ ਨੇ ਗਿਆਨ ਪ੍ਰਦਾਨ ਕਰਨ ਅਤੇ ਉਪਭੋਗ ਕਰਨ ਦੇ ਤਰੀਕੇ ਵਿੱਚ ਇੱਕ ਇਨ-ਕਲਾਬ ਨੂੰ ਜਨਮ ਦਿੱਤਾ ਹੈ। ਬੁੱਧੀਮਾਨ ਟਿਊਟੋਰਿੰਗ ਪ੍ਰਣਾਲੀਆਂ, ਅਨੁਕੂਲ ਸਿੱਖਣ ਵਾਲੇ ਪਲੇਟਫਾਰਮ, ਅਤੇ ਕ੍ਰਿਤੀਮ ਬੁੱਧੀ-ਚਾਲਤ ਵਿਸ਼ਲੇਸ਼ਣ ਆਮ ਹੋ ਰਹੇ ਹਨ, ਜੋ ਵਿਦਿਆਰਥੀਆਂ ਦੀਆਂ ਵਿਅਕਤੀਗਤ ਜ਼ਰੂਰਤਾਂ ਦੇ ਅਨੁਸਾਰ ਵਿਅਕਤੀਗਤ ਸਿੱਖਣ ਦੇ ਅਨੁਭਵ ਪ੍ਰਦਾਨ ਕਰਦੇ ਹਨ। ਹਾਲਾਂਕਿ ਇਹ ਉਪਕਰਨ ਵੱਧ ਰਹੇ ਹਨ, ਪਰ ਸਵਾਲ ਉੱਠਦਾ ਹੈ: ਇਸ ਸਭ ਦਾ ਅਧਿਆਪਕਾਂ ਦੀ ਰਵਾਇਤੀ ਭੂਮਿਕਾ ਲਈ ਕੀ ਮਤਲਬ ਹੈ?

**ਜਾਣਕਾਰੀ ਦੇ ਪ੍ਰਦਾਤਾ ਤੋਂ ਸਿੱਖਣ ਦੇ ਸਹਾਇਕ**

ਇਤਿਹਾਸਕ ਤੌਰ 'ਤੇ ਅਧਿਆਪਕਾਂ ਨੂੰ ਗਿਆਨ ਦੇ ਮੁੱਖ ਸਰੋਤਾਂ ਵਜੋਂ ਦੇਖਿਆ ਗਿਆ ਹੈ, ਜੋ ਸਮੱਗਰੀ ਨੂੰ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਰਨ ਦੇ ਜ਼ਿੰਮੇਵਾਰ ਹਨ। ਹਾਲਾਂਕਿ, ਜਿਵੇਂ ਜਿਵੇਂ ਕ੍ਰਿਤਮ ਬੁੱਧੀ ਵਾਹਿਗੁਰੂ ਇਨ੍ਹਾਂ ਜ਼ਿੰਮੇਵਾਰੀਆਂ ਦੀ ਵੰਡ ਕਰਦਾ ਜਾ ਰਿਹਾ ਹੈ—ਤੁਰੰਤ ਫੀਡਬੈਕ ਪ੍ਰਦਾਨ ਕਰਨਾ ਅਤੇ ਵਿਅਕਤੀਗਤ ਸਿੱਖਣ ਦੇ ਮਾਰਗ ਪ੍ਰਦਾਨ ਕਰਨਾ—ਅਧਿਆਪਕਾਂ ਦੀ ਭੂਮਿਕਾ ਸਿੱਖਣ ਦੇ ਸਹਾਇਕ ਵਜੋਂ ਵਧ ਰਹੀ ਹੈ।

ਕ੍ਰਿਤਿਮ ਬੁੱਧੀ ਦੇ ਯੁੱਗ ਵਿੱਚ, ਅਧਿਆਪਕ ਜਾਣਕਾਰੀ ਦੇ ਪ੍ਰਦਾਤਾ ਬਣਨ ਦੀ ਥਾਂ ਮਾਰਗਦਰਸ਼ਕ ਬਣ ਰਹੇ ਹਨ," ਡਾ.ਐਸ ਪੀ ਸਿੰਘ ਨੇ ਕਿਹਾ, ਜੋ ਸਿੱਖਿਆ ਵਿੱਚ ਸੀਨੀਅਰ ਅਧਿਆਪਕ ਹਨ। ਉਹ ਮੌਕੇ ਪੈਦਾ ਕਰਨ ਲਈ ਜ਼ਿੰਮੇਵਾਰ ਹਨ, ਜਿੱਥੇ ਵਿਦਿਆਰਥੀਆਂ ਨੂੰ ਆਲੋਚਨਾ ਕਰਨ, ਰਚਨ-ਾਤਮਕਤਾ ਨੂੰ ਵਿਕਸਤ ਕਰਨ ਅਤੇ ਸਮਾਜਿਕ-ਭਾਵਨਾਤਮਕ ਹੁਨਰਾਂ ਨੂੰ ਵਿਕਸਤ ਕਰਨ ਦਾ ਮੌਕਾ ਮਿਲਦਾ ਹੈ ਜੋ ਕ੍ਰਿਤਿਮ ਬੁੱਧੀ ਦੁਆਰਾ ਦੁਹਰਾਈ ਨਹੀਂ ਜਾ ਸਕਦੀ।"

**ਮਨੁੱਖੀ ਹੁਨਰਾਂ ਦਾ ਵਿਕਾਸ**

ਜਦੋਂ ਕਿ ਕ੍ਰਿਤਮ ਬੁੱਧੀ ਡਾਟਾ ਪ੍ਰਕਿਰਿਆ ਕਰਨ ਅਤੇ ਪੈਟਰਨ ਪਛਾਣਨ ਵਿੱਚ ਮੁਹ-ਾਰਤ ਰੱਖਦਾ ਹੈ, ਇਹ ਸਮਝਦਾਰੀ, ਸਹਿਯੋਗ ਅਤੇ ਨੈਤਿਕ ਤਰੱਕੀ ਵਰਗੇ ਮਨੁੱਖੀ ਹੁਨਰਾਂ ਨੂੰ ਪਾਲਣਾ ਕਰਨ ਵਿੱਚ ਅਸਫਲ ਹੈ। ਅਧਿਆਪਕ ਇਹਨਾਂ ਸਮਰੱਥਾਵਾਂ ਨੂੰ ਵਿਕਸਤ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜੋ ਇੱਕ ਵਧ ਰਹੇ ਆਟੋਮੇਟਿਡ ਸੰਸਾਰ ਵਿੱਚ ਸਫਲਤਾ ਲਈ ਮਹੱਤਵਪੂਰਨ ਹਨ।

ਅਧਿਆਪਕ ਵਿਦਿਆਰਥੀਆਂ ਨੂੰ ਜਟਿਲ ਸਮਾਜਿਕ ਗਤੀਵਿਧੀਆਂ ਅਤੇ ਨੈਤਿਕ ਚੁਣੌਤੀਆਂ ਨਾਲ ਦੋ ਦੋ ਹੱਥ ਕਰਨ ਵਿੱਚ ਮਦਦ ਕਰਨ ਵਿੱਚ ਮਹੱਤਵਪੂਰਨ ਹਨ, ਡਾ. ਐਸ ਪੀ ਸਿੰਘ ਨੇ ਸਮਝਾਇਆ। ਉਹ ਉਹਨਾਂ ਵਾਤਾਵਰਨਾਂ ਨੂੰ ਬਣਾਉਂਦੇ ਹਨ ਜਿੱਥੇ ਵਿਦਿਆਰਥੀ ਅਰਥਪੂਰਨ ਗੱਲਬਾਤਾਂ ਵਿੱਚ ਸ਼ਾਮਿਲ ਹੋ ਸਕਦੇ ਹਨ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਿਖ ਸਕਦੇ ਹਨ।

**ਜ਼ਿੰਦਗੀ ਭਰ ਸਿੱਖਣ ਨੂੰ ਗਲੇ ਲਗਾਉਣਾ**

ਜਿਵੇਂ ਕ੍ਰਿਤਿਮ ਬੁੱਧੀ ਤਕਨੀਕਾਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਹਨ, ਅਧਿਆਪਕਾਂ ਲਈ ਵੀ ਇਸਦੀ ਲੋੜ ਹੈ। ਪੇਸ਼ਾਵਰ ਵਿਕਾਸ ਹੁਣ ਪਹਿਲੀ ਵਾਰ ਮਹੱਤਵਪੂਰਨ ਹੈ, ਕਿਉਂਕਿ ਅਧਿਆਪਕਾਂ ਨੂੰ ਨਵੇਂ ਉਪਕਰਨਾਂ ਅਤੇ ਤਕਨੀਕਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਬਹੁਤ ਸਾਰੇ ਸਿੱਖਿਆ ਸੰਸਥਾਨ ਹੁਣ ਐਸੇ ਚੱਲ ਰਹੇ ਹਨ ਜੋ ਅਧਿਆਪਕਾਂ ਨੂੰ ਉਹਨਾਂ ਦੀਆਂ ਸਿੱਖਣ ਦੀਆਂ ਪ੍ਰਥਾਵਾਂ ਵਿੱਚ ਕ੍ਰਿਤਮ ਬੁੱਧੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਮਿਲ ਕਰਨ ਲਈ ਜ਼ਰੂਰੀ ਹੁਨਰ ਪ੍ਰਦਾਨ ਕਰਦੇ ਹਨ।

ਅਧਿਆਪਕਾਂ ਨੂੰ ਜੀਵਨ ਭਰ ਸਿੱਖਣ ਦੇ ਮਨੋਵਿਗਿਆਨ ਨੂੰ ਗਲੇ ਲਗਾਉਣਾ ਚਾਹੀਦਾ ਹੈ। ਆਪਣੇ ਗਿਆਨ ਅਤੇ ਹੁਨਰਾਂ ਨੂੰ ਨਵੀਨੀਕਰਨ ਕਰਕੇ, ਉਹ ਵਿਦਿਆਰਥੀਆਂ ਨੂੰ ਇੱਕ ਐਸੇ ਭਵਿੱਖ ਲਈ ਜੁਝਾਰੂ ਤੌਰ 'ਤੇ ਤਿਆਰ ਕਰ ਸਕਦੇ ਹਨ ਜਿੱਥੇ ਅਨੁਕੂਲਤਾ ਮਹੱਤਵਪੂਰਨ ਹੈ।"

**ਅੱਗੇ ਚੁਣੌਤੀਆਂ**

ਕ੍ਰਿਤੀਮ ਬੁੱਧੀ ਦੇ ਸਿੱਖਿਆ ਵਿੱਚ ਕਾਫੀ ਸੰਭਾਵਨਾਵਾਂ ਦੇ ਬਾਵਜੂਦ, ਚੁਣੌਤੀਆਂ ਮੌਜੂਦ ਹਨ। ਡਾਟੇ ਦੀ ਗੋਪਨੀਅਤਾ, ਤਕਨੀਕ ਤੱਕ ਪਹੁੰਚ ਵਿੱਚ ਸਮਾਨਤਾ, ਅਤੇ ਐਲਗੋਰਿਦਮਿਕ ਪੱਖਪਾਤ ਦੇ ਸੰਭਾਵਨਾ ਬਾਰੇ ਚਿੰਤਾਵਾਂ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕ੍ਰਿਤੀਮ ਬੁੱਧੀ ਹਰ ਵਿਦਿਆਰਥੀ ਲਈ ਨਿਰਪੱਖ ਹੋਵੇ।

ਇਸ ਤੋਂ ਇਲਾਵਾ, ਕੁਝ ਅਧਿਆਪਕ ਤਕਨੀਕ 'ਤੇ ਬਹੁਤ ਜ਼ਿਆਦਾ ਨਿਰਭਰਤਾ ਬਾਰੇ ਚਿੰਤਾ ਪ੍ਰਗਟ ਕਰਦੇ ਹਨ। ਬਹੁਤ ਸਾਰੇ ਅਧਿਆਪਕਾਂ ਦਾ ਕਹਿਣਾ ਹੈ ਕਿ ਸਾਨੂੰ ਉਪਕਰਨਾਂ ਦੀ ਵਰਤੋਂ ਅਤੇ ਸਿੱਖਿਆ ਵਿੱਚ ਮਨੁੱਖੀ ਅਹਿਸਾਸ ਨੂੰ ਬਣਾਈ ਰੱਖਣ ਵਿਚ ਸੰਤੁਲਨ ਬਣਾਉਣਾ ਚਾਹੀਦਾ ਹੈ।ਸਾਡੇ ਵਿਦਿਆਰਥੀਆਂ ਨਾਲ ਜੋ ਨਿੱਜੀ ਸੰਪਰਕ ਬਣਦੇ ਹਨ ਉਹ ਬਦਲ ਨਹੀਂ ਸਕਦੇ।

**ਅਧਿਆਪਕਾਂ ਲਈ ਨਵਾਂ ਯੁੱਗ**

ਜਿਵੇਂ-ਜਿਵੇ ਅਸੀਂ ਕ੍ਰਿਤ੍ਰਿਮ ਬੁੱਧੀ ਦੇ ਯੁੱਗ ਵਿੱਚ ਅੱਗੇ ਵੱਧਦੇ ਹਾਂ, ਅਧਿਆਪਕਾਂ ਦੀ ਭੂਮਿਕਾ ਵੀ ਵਿਕਸਤ ਹੁੰਦੀ ਰਹੇਗੀ। ਨਵੀਂ ਤਕਨੀਕਾਂ ਨੂੰ ਗਲੇ ਲਗਾਉਂਦੇ ਹੋਏ ਅਤੇ ਮਨੁੱਖੀ ਹੁਨਰਾਂ ਨੂੰ ਪਹਿਲ ਦਿੱਤੇ ਜਾਣ ਨਾਲ, ਸਿੱਖਿਆਕਾਰ ਇਸ ਨਵੇਂ ਦ੍ਰਿਸ਼ਟੀਕੋਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਚਰ ਸਕਦੇ ਹਨ।

ਇਸ ਬਦਲਾਅ ਵਾਲੇ ਯੁੱਗ ਵਿੱਚ, ਅਧਿਆਪਕ ਬਹੁਤ ਹੀ ਮਹੱਤਵਪੂਰਨ ਰਹਿੰਦੇ ਹਨ। ਉਹ ਸਿਰਫ ਸਿੱਖਿਆਕਾਰ ਨਹੀਂ; ਉਹ ਮੈਨਟਰ, ਸਹਾਇਕ ਅਤੇ ਜੀਵਨ ਭਰ ਸਿੱਖਣ ਦੇ ਚੈਂਪੀਅਨ ਹਨ—ਵਿਦਿਆਰਥੀਆਂ ਨੂੰ ਚਣੌਤੀਆਂ ਭਰੇ ਸੰਸਾਰ ਵਿੱਚ ਮਦਦ ਕਰਦੇ ਹਨ ਜਿਸਦਾ ਆਕਾਰ ਤਕਨੀਕ ਦੁਆਰਾ ਬਣਾਇਆ ਗਿਆ ਹੈ। ਜਦੋਂ ਅਸੀਂ ਭਵਿੱਖ ਵੱਲ ਵੇਖਦੇ ਹਾਂ, ਇਹ ਸਾਫ਼ ਹੈ ਕਿ ਸਿੱਖਿਆ ਵਿੱਚ ਮਨੁੱਖੀ ਤੱਤ ਹਮੇਸ਼ਾ ਨਵੀਂ ਪੀੜ੍ਹੀਆਂ ਦੇ ਸੋਚਵਾਨਾਂ ਨੂੰ ਪਾਲਣ ਕਰਨ ਲਈ ਮਹੱਤਵਪੂਰਨ ਹੋਵੇਗਾ।



**ਡਾ.ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅਮ੍ਰਿਤਸਰ ਸਾਹਿਬ**
**ਪੰਜਾਬ।**

for more news visit:
www.samajweekly.com

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com